ਜਬ ਇਨ ਏਕੋ ਏਕੋ ਬੂਝਿਆ ਤਬ ਤਉ ਇਸਨੋ ਸਭ ਕਿਛੁ ਸੂਝਿਆ।

ਸੁਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰਬਰ ੪੯

ਰੱਬੀ ਜੋੜ ਮੇਲਾ

ਜਿਸ ਵਿਚ

ਸ਼ਾਂਤੀ, ਸ਼ਕਤੀ, ਤਥਾ ਬਜੰਤਤਾਈ ਦੀ ਪੂਰਣਤਾ ਅਰਥਾਤ ਪੂਰਣਤਾਈ, ਸ੍ਰਿਸ਼ਟੀ ਤੇ ਮਨੁੱਖਾ-ਜਨਮ ਦਾ ਅਸਲੀ ਭਾਵ, ਰਿਧੀਆਂ, ਸਿਧੀਆਂ ਮੁਕਤੀਦਾਤਾ ਬਣਨ ਦੇ ਢੰਗ, ਸੰਪੂਰਨ ਮਤਾਂ ਦਾ ਮੂਢਲਾ ਅਸੂਲ ਆਦਿ ਵਿਸ਼ਯ ਅਤੀ ਉੱਚ ਤੇ ਉੱਤਮ ਢੰਗ ਨਾਲ ਪ੍ਰਗਟ ਕੀਤੇ ਹਨ।

ਮਾਰਚ ੧੯੧੬

ਲੇਖਕ ਤੇ ਪ੍ਰਕਾਸ਼ਕ

ਭਾਈ ਮੋਹਨ ਸਿੰਘ ਵੈਦ

ਮਿਉਨਸਿਪਲ ਕਮਿਸ਼ਨਰ ਤਰਨਤਾਰਨ (ਪੰਜਾਬ)

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਭਾਈ ਬਹਾਦਰ ਸਿੰਘ ਮੈਨੇਜਰ ਦੇ ਪ੍ਰਿੰਟਰ ਦੇ ਯਤਨ ਨਾਲ ਛਾਪਾ॥

ਪੈਹਲੀ ਵਾਰ ... ਮਣੇ

ਬੇਨਤੀ !

ਇਸੇ ਪ੍ਰਕਾਰ ਦੀ ਇਕ ਪੁਸਤਕ "ਆਤਮਕ ਉੱਨਤੀ" ਦਾ ਉਲਥਾ ਅਸੀਂ ਪਿੱਛਲੇ ਵਰ੍ਹੇ 'ਇਸੇ ਲੜੀ ਦੇ ਨੰ: ੪੭ ਵਿਚ ਪਾਠਕ ਸੱਜਣਾਂ ਦੀ ਭੇਟਾ ਕਰ ਚੁੱਕੇ ਹਾਂ। ਇਹ ਪੁਸਤਕ "ਰੱਬੀ ਜੋੜ ਮੇਲਾ" ਉਸ ਤੋਂ ਭੀ ਉੱਚ ਭਾਵਾਂ ਨਾਲ ਭਰਪੂਰ ਹੈ ! ਇਹ ਉਰਦੂ ਉਲਥੇ ਦੇ ਅਧਾਰ ਤੇ ਸੁਤੰਤ੍ਰ ਨਵੀਂ ਰਚਨਾਂ ਦੀ ਤਰਾਂ ਲਿਖਿਆ ਗਿਆ, ਅਰ ਇੱਕ ਪਰਮ ਵਿਦ੍ਵਾਨ ਸੂਝ ਵਾਲੇ ਕ੍ਰਿਪਾਲੂ ਮਹਾਤਮਾਂ ਜੀ ਨੇ ਇਸ ਨੂੰ ਅਸਲ ਰਾਜ ਭਾਸ਼ਾ ਦੀ ਪੁਸਤਕ ਨਾਲ ਸੋਧਣ ਦੀ ਕ੍ਰਿਪਾਲਤਾ ਚੋਖਾ ਸਮਾਂ ਖਰਚ ਕਰਕੇ ਕੀਤੀ ਹੈ, ਏਸੇ ਤਰਾਂ ਹੋਰ ਪ੍ਰਮਾਣ ਕਵਿਤਾ ਆਦਿ ਥਾਂ ਪਰ ਥਾਂ ਸੁਸ਼ੋਭਤ ਹੋਵਨ ਨਾਲ ਇਹ ਪੁਸਤਕ ਬੜੇ ਹੀ ਉੱਤਮ ਢਬ ਦੀ ਤੇ ਉੱਚ ਰੂਪ ਵਿਚ ਹੋ ਗਈ ਹੈ ! ਏਸਦੇ ਮੁੱਢ ਵਿਚ ਬਹੁਤ ਕੁਝ ਬੇਨਤੀ ਕਰਨ ਦੀ ਲੋੜ ਨਹੀਂ, ਏਸਦੇ ਵਿਚਾਰਨ ਤੇ ਪੜ੍ਹਨ ਨਾਲ ਆਪ ਹੀ ਏਸਦੀ ਉੱਚਤਾ ਤੇ ਅਨੋਖਾਪਣ ਪਤਾ ਲੱਗ ਜਾਂਦਾ ਹੈ, ਜਿਸਦੇ ਲੇਖਾਂ ਦਾ ਵੇਰਵਾ ਅੱਗੇ ਲਿਖੇ ਤਤਕਰੇ ਤੋਂ ਮਲੂਮ ਹੋ ਸਕਦਾ ਹੈ। ਕਰਤਾ ਦੀ ਅਸਲ ਪੁਸਤਕ ਦੀ ਮੁੱਢਲੀ ਬੇਨਤੀ (ਪ੍ਰਸਤਾਵਨਾਂ) ਉਸੇ ਤਰ੍ਹਾਂ ਹੀ ਉਲਥਾ ਕੇ ਪ੍ਰਕਾਸ਼ਤ ਕੀਤੀ ਗਈ ਹੈ। ਸੋ ਜੇ ਸ੍ਵਦੇਸ਼ ਭਾਸ਼ਾ ਦੇ ਪ੍ਰੇਮੀਆਂ ਨੇ ਦਾਸ ਦੀ ਏਸ ਸੇਵਾ ਤੋਂ ਕੁਝ ਭੀ ਲਾਭ ਉਠਾਇਆ ਤਦ ਦਾਸ ਇਹ ਸਮਾਂ ਸਫਲ ਸਮਝੇਗਾ !

ਪੰਜਾਬੀ ਭਾਸ਼ਾ ਦਾ ਤੁੱਛ ਸੇਵਕ ਦਾਸ-

ਤਰਨ ਤਾਰਨ (ਪੰਜਾਬ)
੧੪-੨-੧੯

ਮੋਹਨ ਸਿੰਘ ਵੈਦ

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਰੱਬੀ ਜੋੜ ਮੇਲਾ

ਪ੍ਰਸ੍ਤਾਵਨਾ (ਗ੍ਰੰਥਕਾਰ)

ਇਕ ਸੁਨਹਰੀ ਧਾਗਾ ਹੈ ਜੋ ਸੰਸਾਰ ਵਿਖੇ ਹਰ ਇਕ ਧਰਮ ਵਿਚ ਪ੍ਰੋਤਾ ਹੋਇਆ ਹੈ, ਇਕ ਸੁਨਹਰੀ ਧਾਗਾ ਹੈ ਜੋ ਦੁਨੀਆਂ ਦੀ ਤ੍ਵਾਰੀਖ ਵਿਚਦੇ ਸਾਰੇ ਨਬੀਆਂ, ਪਾਰਦਰਸ਼ੀ ਮੁਨੀਆਂ, ਰਿਖੀਆਂ ਅਤੇ ਅਵਤਾਰਾਂ ਦੇ ਉਪਦੇਸ਼ਾਂ ਅਤੇ ਹਿਰਦਿਆਂ (ਜਾਨਾਂ) ਵਿਚਦੀ ਲੰਘਿਆ ਹੋਇਆ ਹੈ, ਅਰ ਠੀਕ ਬੜੇ ੨ ਅਰ ਸਵੈਵਿਕ ਪ੍ਰਾਕਰਮ ਵਾਨ ਮਰਦਾਂ ਤੇ ਤੀਵੀਆਂ ਦੀਆਂ ਜਾਨਾਂ ਵਿਚਦੀ ਵਗਿਆ ਹੋਇਆ ਹੈ। ਸਭ ਕੁਝ ਜੋ ਕਿ ਓਹਨਾਂ ਕਦੀ ਕੀਤਾ ਜਾਂ ਲਾਭ ਉਠਾਇਆ ਪੂਰੀ ੨ ਤਰਾਂ ਨਿਯਮ (ਨੇਮ) ਦੇ ਮਾਫਕ ਵਰਤਕੇ ਹੀ ਕੀਤਾ ਜਾਂ ਲੱਭਿਆ ਹੈ। ਸੋ ਜੋ ਕੁਝ ਇੱਕ ਨੇ ਕਰ ਲਿਆ ਹੈ ਬੱਸ! ਸਾਰੇ ਉਸਨੂੰ ਕਰ ਸਕਦੇ ਹਨ।

ਇਹ ਓਹੀ ਸੁਨਹਰੀ ਧਾਗਾ ਸਾਰਿਆਂ ਪੁਰਸ਼ਾਂ ਦੀਆਂ 'ਜਿਹੜੇ ਕਿ ਅੱਜ ਕਲ ਹਨ' ਜਾਨਾਂ ਵਿਚ ਜ਼ਰੂਰ ਪ੍ਰਵੇਸ਼ ਪਾਵੇਗਾ। ਅਸਾਡੀ ਦੁਨੀਆਂ ਦੇ ਇਸ ਰੁਝੇਵੇਂ ਵਾਲੇ ਸਮੇਂ ਵਿਚ ਨਪੁੰਸਕਤਾ ਵਰਜਾਮੀ ਵਿਖੇ; ਨਿਰਬਲਤਾ ਅਰ ਦੁੱਖ ਸਮਰੱਥਾ ਤਥਾ ਅਪਾਰ ਤਨਦਰੁਸਤੀ ਵਿਖੇ, ਪੀੜਾ ਤੇ ਬੇਚੈਨੀ ਪੂਰਨ ਆਰਾਮ ਵਿਖੇ ਅਰ ਸਭ ਭਾਂਤ ਦੀ ਕੰਗਾਲੀ ਪੂਰਨਤਾ ਤੇ ਵਾਧੇ ਵਿਖੇ ਬਦਲਜਾਣਗੀਆਂ॥

ਰ ਕੋਈ ਅਪਨੀ (ਵੱਖਰੀ) ਸ੍ਰਿਸ਼ਟੀ ਹੀ ਰਚ

ਰਿਹਾ ਹੈ, ਅਸੀਂ ਦੋਨੋਂ ਅਪਨੇ ਅੰਦਰੋਂ ਹੀ ਬਣਾ ਰਹੇ ਹਾਂ ਤੇ ਬਾਹਰੋਂ ਖਿੱਚਦੇ ਹਾਂ। ਖ੍ਯਾਲ ਉਹ ਤਾਕਤ ਹੈ ਜਿਸ ਨਾਲ (ਅਸੀਂ) ਰਚਦੇ ਹਾਂ, ਕਿਉਂਕਿ ਖ੍ਯਾਲ ਹੀ (ਰਚਨਹਾਰੀਆਂ) ਤਾਕਤਾਂ ਹਨ। ਜਿਹਾ ਰਚਨਹਾਰਾ ਹੁੰਦਾ ਹੈ, ਤਿਵੇਹੀ ਹੀ ਉਹ ਰਚਨਾ ਰਚਦਾ ਹੈ, ਜੇਹਾ ਉਹ ਆਪ ਹੁੰਦਾ ਹੈ, ਤਿਵੇਹੇ ਨੂੰ ਹੀ ਅਪਨੇ ਵੱਲ ਖਿੱਚ ਲੈਂਦਾ ਹੈ। ਜਿਨੇ ਦਰਜੇ ਵਿਚ ਖ੍ਯਾਲ ਰੂਹਾਨੀ (ਆਤਮਿਕ) ਹੁੰਦਾ ਹੈ ਅਪਨੇ ਕੰਮ ਵਿਚ ਉਤਨਾ ਹੀ ਵਧਕੇ ਸੂਖਮ ਤੇ ਬਲ ਵਾਲਾ ਇਹ ਹੁੰਦਾ ਹੈ। ਇਹ ਰੂਹਾਨੀਅਤ (ਆਤਮਕ ਸ਼ਕਤੀ) ਨਿਯਮ (ਨੇਤ) ਦੀ ਮਾਫਕਤ ਵਿਚ ਹੈ ਅਤੇ ਸਭ ਦੀ ਤਾਕਤ ਵਿਚ ਹੈ।

ਹਰ ਇਕ ਵਸਤੂ ਪਹਿਲੇ ਅਦ੍ਰਿਸ਼ਯ ਮੰਡਲ ਵਿਚ ਸਫੁਰਣ ਹੁੰਦੀ ਹੈ ਤੇ ਫੇਰ ਦ੍ਰਿਸ਼ਯ ਮੰਡਲ ਵਿਚ। ਪ੍ਰਥਮੇਂ ਮਾਨਸਿਕ ਮੰਡਲ ਵਿਚ ਤੇ ਉਪ੍ਰੰਤ ਇਹ ਅਸਲੀ ਰੂਪ ਵਿਚ ਅਨੁਭਵਿਤ ਹੁੰਦੀ ਹੈ। ਇਸੇ ਤਰਾਂ ਪ੍ਰਥਮੇਂ ਰੂਹਾਨੀ ਮੰਡਲ ਵਿਚ ਪ੍ਰਗਟ ਹੁੰਦੀ ਤੇ ਉਪ੍ਰੰਤ ਮਾਯਾਵੀ (ਮਾਦੀ) ਮੰਡਲ ਵਿਚ ਦਰਸ਼ਨ ਦੇਨ ਲਗ ਜਾਂਦੀ ਹੈ। ਅਦ੍ਰਿਸ਼ਯ ਦੇਸ ਕਾਰਣ ਦੇਸ਼ ਹੈ ਅਰ ਦ੍ਰਿਸ਼ਯ ਦੇਸ਼ ਕਾਰਜ (ਰਚਨਾਂਦਾ) ਦੇਸ਼ ਹੈ। ਕਾਰਜ ਦਾ ਸੁਭਾਵ ਸਦੀਵ ਅਪਨੇ ਕਾਰਣ ਦੇ ਸੁਭਾਵ ਨਾਲ ਸੰਬੰਧਿਤ ਤੇ ਉਸ ਕਰਕੇ ਪ੍ਰਵਾਰਿਤ ਹੁੰਦਾ ਹੈ।

ਮੇਰਾ ਮਤਲਬ ਇਸ ਵਿਖਯ (ਮਜ਼ਮੂਨ) ਸੰਬੰਧੀ ਬੜੇ ੨ ਹਾਲਾਤ (ਅਸੂਲ) ਅਰ ਮੁਖਯ ੨ ਨਿਯਮ ਜੋ ਖ੍ਯਾਲੀ ਤਾਕਤਾਂ ਆਤਮਿਕ ਤਥਾ ਅੰੜੀਵ ਕੰਮਾਂ ਦੀ ਤਹਿ ਵਿਚ ਵਰਤਦੇ ਹਨ (ਉਨ੍ਹਾਂ ਨੂੰ) ਪ੍ਰਗਟ ਕਰਨਾ ਹੈ।

...ਾਦਗੀ ਤੇ ਸਫਾਈ ਨਾਲ ਕਿ

ਇਕ ਬੱਚਾ ਭੀ ਸਮਝ ਜਾਵੇ ਕਿ ਕ੍ਰਤਾ ਦਾ ਆਸ਼ਜ ਇਹ ਹੈ। ਉਨ੍ਹਾਂ ਨੂੰ ਐਸੀ ਸਾਦਗੀ ਤੇ ਸਫਾਈ ਨਾਲ ਵਰ੍ਨਣ ਕਰਨਾ ਕਿ ਸਭ ਕੋਈ ਉਨ੍ਹਾਂ ਨੂੰ ਧਾਰਣ ਕਰ ਸੱਕੇਂ, ਸਭ ਕੋਈ ਗ੍ਰਹਣ ਕਰ ਸੱਕੇ ਤੇ ਹਰ ਰੋਜ ਅਪਨੀ ਜੀਵਨੀ ਵਰਤੋਂ ਵਿਚ ਅਜਿਹਾ ਲਿਆ ਸੱਕੇ ਕਿ ਮਾਨੋਂ ਓਨਾਂ ਨੇ ਜਜੋਂ ਕਾ ਤਿਉਂ ਉਨ੍ਹਾਂ ਨੂੰ ਸਰਬਾਂਗ ਵਿਚ ਅਪਨੇ ਵਿਖੇ ਢਾਲ ਲਿਆ ਹੈ। ਇਹ ਹੈ ਕਰਤਾ ਦਾ ਆਸ਼ਜ (ਇਸ ਭਾਂਤ) ਉਹ ਅਪਨੇ ਜੀਵਨ ਨੂੰ ਅਜਿਹਾ ਢਾਲ ਸਕਦੇ ਹਨ ਕਿ ਜੋ ਕੇਵਲ ਕਥਨੀ ਜਾਂ ਮਨੋਕਲਪਿਤ ਵਾਰਤਾ ਨਹੀਂ, ਬਲਕਿ ਇਹ ਇਕ ਗਜਾਨ ਦੀ ਘਟਨਾਂ ਹੈ।

ਇਹ ਇਕ ਬ੍ਰਹਮੀ (ਦੈਵੀ) ਸਿਲਸਿਲਾ ਹੈ ਜੋ ਬ੍ਰਹਮਾਂਡ ਭਰ ਵਿਚ ਰਮ ਰਿਹਾ ਹੈ। ਅੰਦਰ, ਉੱਪਰ ਅਰ ਹੇਠਾਂ, ਪੌਰਖੀਯ ਇੱਛਾ, ਲਗਾਤਾਰ ਬ੍ਰਹਮੀ ਇੱਛਾ ਸ਼ਕਤੀ (ਅਨੁਸਾਰ ਹੀ) ਕੰਮ ਕਰਦੀ ਹੈ। ਇਸ ਨਾਲ ਮੇਲ ਕਰਨਾ ਅਰ ਇਸ ਥੀਂ ਸੰਪੂਰਣ ਉੱਚਤਰ (ਕੁਦਰਤੀ) ਕਾਨੂਨ ਅਤੇ ਤਾਕਤਾਂ ਨਾਲ ਅਭੇਦ ਹੋਣਾ, ਉਪ੍ਰੰਤ ਜੁੜਾਉ ਵਿਚ ਔਣਾ ਅਰ ਉਨ੍ਹਾਂ ਦੇ ਸੰਬੰਧ ਵਿਚ ਕੰਮ ਕਰਨਾ, ਤਾਂ ਜੋ ਉਹ ਅਸਾਡੇ ਮੇਲ ਅਰ ਜੁੜਾਉ ਵਿਚ ਕੰਮ ਕਰ ਸੱਕਨ। ਏਹੋ ਇਸ ਅਸਚਰਜ ਰਿਸ਼ਤੇ (ਸਿਲਸਿਲੇ) ਦੀ ਜ਼ੰਜੀਰ ਵਿਚ ਔਣਾ ਹੈ। ਏਹੋ ਹੀ ਸਾਰੀ ਮਨੋਰਥ ਸਿੱਧੀ (ਕਾਮਯਾਬੀ) ਦਾ ਗੂੜ੍ਹਾ ਭੇਦ ਹੈ। ਏਹੋ ਹੀ ਸੁਪਨੇ ਵਿਚ ਨਾਂ ਆ ਸੱਕਨ ਵਾਲੇ ਅਨਭਉ ਵਿਖੇ ਗੁੱਝ ਭੰਡਾਰ ਦਾ ਸ੍ਵਾਧੀਨ ਕਰਨਾ ਅਰਥਾਤ ਅਪਨੇ ਕਬਜ਼ੇ (ਕਾਬੂ) ਵਿਚ ਲਿਆਉਣਾ ਹੈ।

ਆਰ. ਡਬਲਯੂ. ਟੀ.

ਤਤਕਰਾ

—:ਇਤਿ:—

੧ ੴ ਸਤਿਗੁਰਪ੍ਰਸਾਦਿ ॥

ਰੱਬੀ ਜੋੜ ਮੇੱਲਾ

੧—ਪੂਰਨ ਅਮਨ ਬਲ ਅਤੇ ਵਾਧਾ

ਬੁਰਾ ਭਲਾ, ਗੁਣ ਔਗੁਣ ਆਦਿਕ ਪੁੰਨ ਪਾਪ ਦਾ ਜੋੜਾ। ਇਕ ਇਕ ਬੁਰਾ, ਭਲਾ ਹੈ ਇਕ ਇਕ, ਇਕ ਜੁੜਿਆ ਇਕ ਹੋੜਾ। ਚਾਨਣ ਪੱਖ ਹਨੇਰਾ ਦੂਆ, ਅਪਨੀ ਠੌਰਿ ਸੁ ਜੋਗਾ। ਨਿੰਦੇ ਨਾਹੀਂ, ਸਲਾਹੇ ਕਾਹੂੰ, ਵਰਤੇ ਜੋਗ ਵਿਜੋਗਾ। ਜੇਹਾ ਸਮਾਂ ਤੇਹਾ ਵਰਤਾਰਾ, ਵਰਤੇ ਸਿਆਣਪ ਸੰਗੇ।ਸਜਾਣਾ ਬੰਧਨ ਮੂਲ ਨ ਪਾਵੇ'ਬੁਰਾ'ਨ ਸੁਪਨੇਂ ਅੰਗੇ। ਸਭ ਕਿਛੁ ਭਲਾ, ਬੁਰਾ ਕਿਛੁ ਨਾਹੀਂ, ਜੋ ਕਿਛੁ 'ਬੁਰਾ' ਭਲੇਰਾ। ਨਿਹਚਾ ਸੱਚਾ ਪੱਕਾ ਰੱਖੇ ਦੁਬਿਧਾ ਮੇਟਿ ਖਲੇਰਾ। ਮੂਰਖ ਉਲਟਾ ਇਸਤੋਂ ਵਰਤੇ ਸ੍ਰਿਸ਼ਿ ਬੁਰੀ ਸਭ ਜਾਣੇ। ਔਕੜ ਬਿਪਤਾ ਫਾਬੀ ਜਿੰਦੜੀ ਨੱਕ ਵੱਟੇ ਭੁਵ ਤਾਣੇ। "ਜੈਸੀ ਮਨਸਾ ਦਸ਼ਾ ਤਿਵੇਹੀ" ਬੁਰਾ ਭਲਾ ਕੁਝ ਨਾਹੀਂ। ਹੱਦਾਂ ਲੰਘ ਬਿਹੱਦੇ ਪਹੁੰਚੇ, ਗੰਢੀ ਤੋੜਿ ਵਗਾਹੀ ॥

ਸੰਸਾਰ ਵਿਖੇ ਦੋ ਪ੍ਰਕਾਰ ਦੇ ਮਨੁੱਖ ਹੁੰਦੇ ਹਨ, ਇੱਕ ਓਹ ਹਨ ਜੋ ਇਸ ਗੱਲ ਤੇ ਭਰੋਸਾ ਰੱਖਦੇ ਹਨ, ਕਿ ਸੰਸਾਰ ਦੀਆਂ ਸਾਰੀਆਂ ਤਕਲੀਫਾਂ, ਸਦਮੇ, ਭਲਿ-ਆਈ ਲਈ ਹਨ, ਅਰ ਦੂਜੇ ਓਹ ਲੋਕ ਹਨ ਜਿਨ੍ਹਾਂ ਦਾ

ਇਹ ਵਿਸ਼ਵਾਸ ਹੈ ਕਿ ਸੰਸਾਰ ਦੀਆਂ ਸਭ ਔਕੜਾਂ ਬਰਬਾਦੀ ਵਾਸ੍ਤੇ ਹਨ। ਪਹਿਲੀ ਭਾਂਤ ਦੇ ਲੋਕਾਂ ਨੂੰ ਅਸੀ ਗੁਣ ਗ੍ਰਾਹੀ ਅਰ ਦੂਜੀ ਭਾਂਤ ਦੇ ਪੁਰਸ਼ਾਂ ਨੂੰ ਦੋਖ ਗ੍ਰਾਹੀ ਆਖਾਂਗੇ। ਗੁਣ ਗ੍ਰਾਹੀ ਭੀ ਠੀਕ ਹੈ ਅਰ ਦੋਖ ਗ੍ਰਾਹੀ ਭੀ ਠੀਕ ਹੈ, ਭਾਵੇਂ ਓਹ ਇੱਕ ਦੂਜੇ ਨਾਲੋਂ ਏਨੇ ਭਿੰਨ ਭਿੰਨ ਹਨ ਜਿੰਨਾਂ ਕਿ ਪ੍ਰਕਾਸ਼ ਅੰਧਕਾਰ ਨਾਲੋਂ। ਪਰ ਦੋਵੇਂ ਆਪੋ ਆਪਣੀ ਦ੍ਰਿਸ਼ਟੀ ਦੇ ਲਿਹਾਜ਼ ਨਾਲ ਸਚਾਈ ਤੇ ਹਨ, ਅਰ ਏਸੇ ਵਾਸਤੇ ਓਹਨਾਂ ਦੋਹਾਂ ਦਾ ਜੀਵਨ, ਓਹਨਾਂ ਦੀ ਦ੍ਰਿਸ਼ਟੀ ਦੇ ਨੁਕਤਿਆਂ ਤੇ ਨਿਰਭਰ ਹ,ਅਤੇ ਇਸ ਤੋਂ ਇਹ ਨਿਸਚੇ ਹੁੰਦਾ ਹੈ ਕਿ ਇਸ ਪੁਰਸ਼ ਦਾ ਜੀਵਨ, ਬਲ ਜਾਂ ਨਿਰਬਲਤਾ ਦਾ ਹੈ, ਅਮਨ ਦਾ ਜਾਂ ਦੁਖ ਦਾ ਹੈ, ਸਫਲਤਾ ਜਾਂ ਅਸਫਲਤਾ ਦਾ ਹੈ। ਗੁਣ ਗ੍ਰਾਹੀ ਪੁਰਸ਼ ਨੂੰ ਇਹ ਬਲ ਪ੍ਰਾਪਤ ਹੈ ਕਿ ਓਹ ਚੀਜ਼ਾਂ ਨੂੰ ਹਰ ਪਾਸਿਓਂ ਪੂਰੀ ੨ ਤਰਾਂ ਜਿਉਂ ਕਾ ਤਿਉਂ ਦੇਖ ਸਕੇ, ਅਰ ਓਹਨਾਂ ਦੇ ਸੰਬੰਧ ਠੀਕ ਠੀਕ ਮਲੂਮ ਕਰ ਸਕੇ,ਅਰ ਦੋਖ ਗ੍ਰਾਹੀ ਕੇਵਲ ਬੱਝਵੀਂ ਤੇ ਇਕਪੱਖੀ ਅਤੇ ਇੱਕ ਵਾਸੀ ਦ੍ਰਿਸ਼ਟੀ ਨਾਲ ਦੇਖਦਾ ਹੈ, ਅਰ ਏਸ ਵਾਸਤੇ ਚੀਜ਼ਾਂ ਦੇ ਪੂਰੇ ਪੂਰੇ ਹਾਲਾਂ ਤੋਂ ਅਨਜਾਣ ਰਹਿੰਦਾ ਹੈ। ਗੁਣ ਗ੍ਰਾਹੀ ਦੀ ਅਕਲ ਬਿਬੇਕ ਦ੍ਰਿਸ਼ਟੀ ਤੋਂ ਪ੍ਰਕਾਸ਼ਵਾਨ ਹੈ ਅਰ ਦੋਖ ਗ੍ਰਾਹੀ ਦੀ ਅਕਲ ਉੱਤੇ ਅਗਜਾਨ (ਅਵਿੱਦਜਾ) ਦਾ ਪਰਦਾ ਛਾਇਆ ਹੋਇਆ ਹੁੰਦਾ ਹੈ। ਹਰ ਇੱਕ ਪੁਰਸ਼ ਆਪਣੀ ਆਪਣੀ ਸ੍ਰਿਸ਼ਟੀ ਆਪਣੇ ਅੰਤ੍ਰੀਵ ਖਿਆਲਾਂ ਦੇ ਅਨੁਸਾਰ ਬਣਾ ਰਿਹਾ ਜੇ ਅਰ ਜਿਹੋ ਕਿ ਉਸ ਦੇ ਖਿਆਲ ਹੁੰਦੇ ਹਨ, ਉਜੇਹੀ

ਹੀ ਇਮਾਰਤ ਬਣਾਕੇ ਖੜੀ ਕਰ ਲੈਂਦਾ ਹੈ। ਗੁਣ ਗ੍ਰਾਹ' ਆਪਣੀ ਉੱਚ ਸਿਆਣਪ ਅਰ ਵਾਕਫੀ ਦੁਆਰ ਆਪਣਾ ਹੀ ਬਹਿਸ਼ਤ ਬਣਾ ਰਿਹਾ ਹੇ, ਅਰ ਜਿਸ ਦਰਜੇ ਦਾ ਓਹ ਆਪ ਬਹਿਸ਼ਤ (ਸੁਰਗ) ਬੈਣਾਉਂਦਾ ਹੈ ਬਾਕੀ ਸਾਰੀ ਸ੍ਰਿਸ਼ਟੀ ਵਾਸਤੇ ਭੀ ਉਜੇਹਾ ਹੀ ਸੁਰਗ ਬਨਾਨ ਲਈ ਸਹਾਇਤਾ ਦੇਂਦਾ ਹੈ, ਉਲਟ ਇਸਦੇ ਦੋਖ ਗ੍ਰਾਹੀ ਆਪਣੇ ਝੱਝਵੇਂ ਤੁੱਛ ਖਿਆਲਾਂ ਦੁਆਰਾ ਆਪਣਾ ਹੀ ਨਰਕ ਬਣਾ ਰਿਹਾ ਹੈ, ਅਰ ਜਿਸ ਦਰਜੇ ਦਾ ਓਹ ਆਪਣਾ ਨਰਕ ਬਣਾਂਦਾ ਹੈ ਬਾਕੀ ਸਾਰੇ ਮਨੁੱਖਾਂ ਲਈ ਭੀ ਉਜੇਹਾ ਹੀ ਨਰਕ ਬਨਾਣ ਵਿੱਚ ਸਹਾਇਕ ਅਤੇ ਮਦਦਗਾਰ ਹੁੰਦਾ ਹੈ।

ਤੁਹਾਡੇ ਵਿੱਚ ਅਰ ਮੇਰੇ ਵਿੱਚ ਸਾਰ ਗ੍ਰਾਹੀ (ਗੁਣ ਗ੍ਰਾਹੀ) ਜਾਂ ਅਸਾਰ ਗ੍ਰਾਹੀ (ਦੋਖ ਗ੍ਰਾਹੀ) ਦੀਆਂ ਸਿਫਤਾਂ ਪਰਬਲ ਹਨ, ਇਸ ਵਾਸਤੇ ਅਸੀ ਹਰ ਘੜੀ ਆਪਣਾ ਆਪਣਾ ਸੁਰਗ ਜਾਂ ਨਰਕ ਬਣਾ ਰਹੇ ਹਾਂ, ਅਰ ਜਿਸ ਦਰਜੇ ਦੇ ਅਸੀ ਇਹ ਸੁਰਗ ਜਾਂ ਨਰਕ ਆਪਣੇ ਲਈ ਬਣਾ ਰਹੇ ਹਾਂ ਉਸੇ ਦਰਜੇ ਦੇ ਹੀ ਹੋਰ ਸਾਰੀ ਸ੍ਰਿਸ਼ਟੀ ਲਈ ਭੀ ਬਨਾਨ ਦਾ ਯਤਨ ਕਰ ਰਹੇ ਹਾਂ।

ਏਥੇ ਸੁਰਗ ਦੇ ਭਾਵ ਅਰਥ ਮਿੰਮਤੀ (ਇਤਫਾਕ) ਦੇ ਹਨ, ਅਰ ਨਰਕ ਦੇ ਭਾਵ ਅਰਥ ਫੁੱਟ ਦੇ ਹਨ, ਜਿੱਥੇ ਇਕਾ ਹੈ ਓਥੇ ਸਾਰੀਆਂ ਚੀਜ਼ਾਂ ਇੱਕ ਦੂਜੇ ਨਾਲ ਮਿਲੀਆਂ ਜੁਲੀਆਂ ਤੇ ਜਕੜੀਆਂ ਹੋਈਆਂ ਹਨ, ਅਰ ਅਮਨ ਅਮਾਨ ਦੀ ਹਾਲਤ ਜਾਰੀ ਹੈ, ਅਰ ਜਿੱਥੇ ਫੁੱਟ

ਹੈ ਉੱਥੇ ਹਰ ਇੱਕ ਚੀਜ਼ ਦੂਜੀ ਨਾਲੋਂ ਨਿਆਰੀ ਹੁੰਦੀ ਹੈ ਅਤੇ ਬਦ ਇੰਤਜ਼ਾਮੀ ਤੋਂ ਛੁਟ ਹੋਰ ਕੁਝ ਨਜ਼ਰੀ ਨਹੀਂ ਆਉਂਦਾ।

"ਜਿੱਡਾ ਵਿਤ ਨਿਗਾਹਾ ਓਡੀ, ਓਡਾ ਬਣੇ ਬਨਾਵੇ। ਜਿੱਡੀ ਗਲ ਉੱਡੀ ਹੀ ਕਾਰੀ, ਓਡੀ ਤਣੀ ਤਣਾਵੇ। ਜਿੱਡੀ ਮਸਲਤ ਮੇਲ੍ਹਾ ਉੱਡਾ, ਓਡਾ ਵਹਨ ਵਹਾਵੇ। ਜੇਹੀ ਮਨ ਮੱਧੇ ਹੋ ਭੈਣੀ ਤੇਹਾ ਖੇਡ ਖਡਾਵੇ।।

੨—ਸ੍ਰਿਸ਼ਟੀ ਦਾ ਅਸਲ ਭਾਵ

ਇੱਕ ਇਕਾਈ ਅਸੰਖਾਂ ਤਾਈਂ, ਆਪੇ ਵਿੱਚੋਂ ਆਪ ਭਈ।ਇਕੋ ਬਿਨਾਂ ਨਾਂ ਹਸਤੀ ਕਿਸਦੀ,ਇਕਾ ਇੱਕੋ ਬਣੇ ਕਈ। ਵਿੱਚ ਅਸੰਖ ਪ੍ਰਕਾਸ਼ ਇੱਕ ਦਾ ਰੱਬ ਪ੍ਰਕਾਸ਼ੇ ਸਕਲ ਮਈ। ਜੜ੍ਹ ਜੰਗਮ ਦੀ ਪਿੱਠ ਪਿਛੇਰੇ, ਦੇਖ | ਨਿਹਾਰੇ ਆਪ ਦਈ ।।੧।।

ਹੱਦਾਂ ਵੱਟਾਂ ਹੱਦਾਂ ਪਾਈਆਂ, ਧਰਤੀ ਦੇ ਵਿਚ ਕਿੱਥੇ ਹੱਟ ? ਨਾਲਾ ਨੈਂ ਝੀਲ ਛੁਨ ਟੋਭਾ, ਜਲ ਜਲਿ ਲੇਅ ਸਾਗਰੋਂ ਰੱਦ। ਇੱਕੋ ਸੂਤ ਕਪਾਹੀਂ ਤਣਿਆ,ਕੱਪੜ ਲੀੜਾ ਬਸਤ੍ਰ ਲੱਦ।ਦੋਹਾਂ ਗਿਣਤੀ ਵਿੱਚ ਨ ਆਵਨ,ਰੰਗ ਵਿਖਾਲੇ ਸਾਰੇ ਰੱਬ"।। ੨।

ਇਸ ਸ੍ਰਿਸ਼ਟੀ ਦਾ ਅਸਲ ਭਾਵ ਓਹ ਅਥਾਹ ਜੀਵਨ ਤੇ ਸਰਬ ਬਜਾਪੀ ਤਾਕਤ (ਆਤਮਾਂ) ਹੈ ਜੋ ਸਾਰਿਆਂ ਦੇ ਨਾਲ ਨਾਲ ਹੈ, ਅਰ ਜੋ ਸਭਨਾਂ ਨੂੰ ਉਤ-

ਸਾਂਦੀ ਰਹਿੰਦੀ ਹੈ ਅਰ ਜਿਸਦਾ ਪ੍ਰਕਾਸ਼ ਸਭ ਦੇ ਅੰਦਰ ਹੈ, ਇਹ ਰੂਹ (ਆਤਮਾਂ) ਜੀਵਨ ਦਾ ਓਹ ਆਪਣੇ ਆਪ ਤੇ ਕਾਇਮ (ਸ੍ਵੈ ਪ੍ਰਕਾਸ਼ੀ) ਅਸੂਲ ਹੈ, ਜਿਸ ਤੋਂ ਹੁਣ ਤਾਈਂ ਸਭ ਕੁਝ ਪ੍ਰਕਾਸ਼ਤ ਹੋਇਆ ਹੈ ਅਰ ਅੱਗੋਂ ਭੀ ਉੱਤੇਜ਼ਿੱਤੀ ਪਗਟ ਹੁੰਦਾ ਰਹੇਗਾ, ਜੇ ਇੱਕ ਅਕੱਲਾ ਜੀਵਨ ਹੈ ਤਾਂ ਉਸ ਤੋਂ ਇਹ ਜ਼ਰੂਰੀ ਸਿੱਧ ਹੁੰਦਾ ਹੈ ਕਿ ਇੱਕ ਅਥਾਹ ਜੀਵਨ ਭੀ ਜ਼ਰੂਰ ਹੈ, ਜਿਸ ਤੋਂ ਏਸ ਅਕੱਲੀ ਜ਼ਿੰਦਗੀ ਦਾ ਪ੍ਰਕਾਸ਼ ਹੈ। ਜੇ ਪ੍ਰੇਮ ਜਾਂ ਪਜਾਰ (ਮੁਹੱਬਤ) ਦੀ ਇੱਕ ਸਿਫਤ ਜਾਂ ਤਾਕਤ ਹੈ ਤਾਂ ਉਸ ਦੇ ਮਾਖਜ਼ (ਨਿਕਲਨ ਦੀ ਥਾਂ) ਨਿਕਾਸੁ ਲਈ ਅਪਾਰ ਪਿਆਰ ਜਾਂ ਪ੍ਰੇਮ ਦਾ ਹੋਣਾਂ ਭੀ ਜ਼ਰੂਰੀ ਹੈ। ਬਥੇਕ ਦ੍ਰਿਸ਼ਟੀ ਹੈ ਤਾਂ ਉਸਦੀ ਉਤਪਤੀ ਲਈ ਪੂਰਨ ਗਜਾਨ ਦ੍ਰਿਸ਼ਟੀ ਜਾਂ ਸਮਸ਼ਟੀ ਅਕਲ ਦਾ ਹੋਣਾਂ ਭੀ ਜ਼ਰੂਰੀ ਹੈ, ਇਹੀ ਹਾਲਤ ਅਮਨ ਤਾਕਤ ਦੀ ਭੀ ਹੈ। ਮੂਲ ਮੁੱਦਾ ਕੀ, ਹੋਰ ਭੀ ਸਾਰੀਆਂ ਮਾਦੀ ਚੀਜ਼ਾਂ ਦੀ ਬਾਬਤ ਇਹ ਸਿਧਾਂਤ ਠੀਕ ਹੈ। ਸੋ ਇਹ ਅਪਾਰ ਜੀਵਨ ਅਰ ਤਾਕਤ ਦੀ ਰੂਹ ਸਾਰਿਆਂ ਵਿਚ ਹੈ ਅਰ ਸਭ ਏਸਦਾ ਹੀ ਪ੍ਰਕਾਸ਼ ਹੈ। ਬੜੇ ਬੜੇ ਅਟੱਲ ਕਾਨੂਨ ਅਤੇ ਸ਼ਕਤੀਆਂ ਏਸ ਸਾਰੀ ਸ੍ਰਿਸ਼ਟੀ ਵਿਚ ਜਾਰੀ ਹਨ ਅਰ ਸਾਡੇ ਚੁਫੇਰੇ ਹੀ ਮੌਜੂਦ ਹਨ, ਏਨ੍ਹਾਂ ਹੀ ਨਿਯਮਾਂ ਅਤੇ ਸ਼ਕਤੀਆਂ ਦੁਆਰਾ ਇਹ ਸਰਬ ਬਜਾਪਨੀ ਅਪਾਰ ਸ਼ਕਤੀ ਹੀ ਏਸ ਸ੍ਰਿਸ਼ਟੀ ਵਿਚ ਹਰ ਇਕ ਚੀਜ਼ ਨੂੰ ਪੈਦਾ ਕਰ ਰਹੀ ਹੈ, ਹਰ ਤਰਾਂ ਨਾਲ ਕੰਮ ਕਰ ਰਹੀ ਹੈ, ਅਰ ਸਾਰਿਆਂ ਤੇ ਹਕੂਮਤ ਕਰ ਰਹੀ ਹੈ, ਜੋ ਕੰਮ ਅਸੀ ਹਰ

ਰੋਜ਼ ਕਰਦੇ ਰਹਿੰਦੇ ਹਾਂ ਏਹਨਾਂ ਕਾਨੂਨਾਂ ਅਤੇ ਸ਼ਕਤੀਆਂ ਦੁਆਰਾ ਵਰਤੋਂ ਵਿਚ ਆਉਂਦੇ ਹਨ, ਹਰ ਇਕ ਫੁਲ ਜੋ ਸੜਕ ਦੇ ਕੰਢੇ ਉਗਦਾ ਹੈ ਬਾਜ਼ੇ ਵਡੇ ੨ ਕਾਨੂੰਨਾਂ ਅਨੁਸਾਰ ਫੁਟਦਾ ਤੇ ਵਧਦਾ ਹੈ, ਖਿੜਦਾ ਅਰ ਫੇਰ ਕੁਮਲਾ ਜਾਂਦਾ ਹੈ,ਹਰ ਇਕ ਬਰਫ ਦਾ ਗੋੜ੍ਹਾ ਜੋ ਜ਼ਮੀਨ ਅਤੇ ਅਸਮਾਨ ਦੇ ਵਿਚਕਾਰ ਰਹਿੰਦਾ ਹੈ, ਖਾਸ ਖਾਸ ਅਟੱਲ ਨਿਯਮਾਂ ਦੇ ਅੰਨੁਸਾਰ ਹੀ ਬਣਦਾ, ਡਿਗਦਾ, ਅਰ ਪੰਘਰ ਜਾਂਦਾ ਹੈ। ਗੱਲ ਕੀ ਇਸ ਸਾਰੀ ਸ੍ਰਿਸ਼ਟੀ ਵਿਚ ਬਿਨਾਂ ਕਾਨੂਨ ਦੇ ਹੋਰ ਕੁਝ ਨਹੀਂ ਹੈ, ਜੇ ਇਹ ਸੱਚ ਹੈ ਤਾਂ ਜ਼ਰੂਰ ਏਹਨਾਂ ਸਾਰਿਆਂ ਦੀ ਪਿੱਠ ਉੱਤੇ ਇਕ ਅਜਿਹੀ ਸ਼ਕਤੀ ਹੈ ਜਿਸਨੇ ਇਹ ਸਾਰੇ ਕਾਨੂੰਨ ਬਨਾਏ, ਅਰ ਇਹ ਸ਼ਕਤੀ ਏਹਨਾਂ ਸਾਰੇ ਬਣੇ ਹੋਏ ਕਾਨੂੰਨਾਂ ਥੀਂ ਜ਼ਰੂਰ ਵਧਕੇ ਸ੍ਰੇਸ਼ਟ ਹੈ, ਇਸ ਅਪਾਰ ਜੀਵਨ ਅਤੇ ਸ਼ਕਤੀਦੀ ਰੂਹ ਨੂੰ-ਜੋ ਸਭਨਾਂ ਨਾਲ ਮੌਜੂਦ ਹੈ-ਈਸ਼੍ਵਰ ਪ੍ਰਮਾਤਮਾਂ ਰੱਬ ਕਰਕੇ ਆਖਿਆ ਜਾਂਦਾ ਹੈ। ਤੁਸੀ ਉਸਦਾ ਜੋ ਚਾਹੋ ਨਾਮ ਰਖ ਸਕਦੇ ਹੋ। ਯਥਾ: ਅਪ੍ਰਕਾਸ਼ੀ, ਕਰਨ ਕਾਰਨ, ਪ੍ਰਮਾਤਮਾਂ, ਤਥਾ ਸਰਬ ਸ਼ਕਤੀਮਾਨ, ਅਕਾਲ ਪੁਰਖ ਵਾਹਿਗੁਰੂ ਆਦਿ। ਪਰ ਇਹ ਜ਼ਰੂਰ ਹੈ ਕਿ ਏਹਨਾਂ ਸਾਰਿਆਂ ਦੇ ਅਰਥ ਉਹੀ ਹੋਣ ਜੋ ਏਥੇ ਵਰਨਨ ਕੀਤੇ ਗਏ ਹਨ।

ਸੋ ਵਾਹਿਗੁਰੂ ਅਕਾਲ ਪੁਰਖ ਅਪਾਰ ਆਤਮਾਂ ਹੈ ਜੋ ਸਾਰੇ ਸੰਸਾਰ ਵਿਚ ਬਜਾਪਿਆ ਹੋਇਆ (ਪੂਰਣ) ਹੈ, ਏਥੋਂ ਤਾਈਂ ਕਿ ਸਭ ਕੁਝ ਉਸੇ ਤੋਂ ਹੈ, ਅਰ ਉਸੇ ਵਿਚ ਸਭ ਕੁਝ ਹੈ। "ਖਾਲਕ ਖਲਕ ਖਲਕ ਮੈਂ ਖਾਲਕ

ਪੂਰ ਰਹਿਓ ਸਭ ਠਾਈ"। ਅਰਥਾਤ ਸਭ ਕੁਝ ਉਹੀ ਹੈ ਜਾਂ ਸਭ ਕੁਝ ਉਸਥੋਂ ਹੈ, ਸਾਰੀ ਸ੍ਰਿਸ਼ਟੀ ਦੀ ਰੂਹ, ਜਾਨ, ਜ਼ਿੰਦਗੀ ਅਰ ਪ੍ਰਾਣ ਅਰ ਸਾਰੀ ਧਰਤ ਅਕਾਸ ਆਦਕਾਂ ਦੇ ਪਦਾਰਥ ਦਾ ਤਤ ਅਰ ਨਚੋੜ ਤਥਾ ਅਸਲੀ ਭੰਡਾਰ ਅਰ ਮਰਕਜ਼ (ਕੇਂਦ੍ਰ) ਸਾਡੇ (ਅੰਦ੍ਰ) ਪ੍ਰਮਾਤਮਾਂ ਹੀ ਹੈ, ਕੋਈ ਚੀਜ਼ ਉਸਤੋਂ ਬਾਹਰ ਨਹੀਂ, ਅਸਲ ਵਿਚ ਅਸੀ ਉਸੇ ਵਿਚ ਰਹਿੰਦੇ ਹਾਂ, ਉਸੇ ਵਿਚ ਚਲਦੇ ਫਿਰਦੇ ਹਾਂ, ਅਰ ਸਾਡਾ ਅਕਾਰ ਭੀ ਉਸੇ ਵਿਚ ਹੈ, ਅਰ ਉਹੋ ਸਾਡੀ ਜਿੰਦ ਜਾਨ ਹੇ ਤੇ ਉਸੇ ਨੇ ਹੀ ਸਾਨੂੰ ਜੀਵਨ ਬਖ-ਸ਼ਿਆ ਅਰ ਉਸੇ ਤੋਂ ਅਸਾਂ ਨੂੰ ਜੀਵਨ ਪ੍ਰਾਪਤ ਹੋ ਰਿਹਾ ਹੈ। ਉਸੇ ਦੇ ਜੀਵਨ ਨਾਲ ਅਸਾਡਾ ਜੀਵਨ ਸੰਮਿਲਤ ਹੈ। ਭਾਵੇਂ ਅਸੀ ਉਸਤੋਂ ਭਿੰਨ ਹਾਂ, ਕਿਉਂਕਿ ਅਸੀ ਅੱਡ ਅੱਡ ਅਕੱਲੀਆਂ ਰੂਹਾਂ ਹਾਂ, ਅਰ ਉਹ ਇਕ ਅਪਾਰ ਆਤਮਾਂ ਹੈ, ਅਰ ਜਿਸ ਵਿਖੇ ਅਸੀ ਅਤੇ ਹੋਰ ਬਾਕੀ ਸਾਰੀਆਂ ਚੀਜ਼ਾਂ ਸ਼ਾਮਲ ਹਨ, ਪਰ ਅਸਲ ਵਿਚ ਰੱਬੀ ਜੀਵਨ ਅਰ ਮਨੁੱਸ਼ ਦੀ ਜ਼ਿੰਦਗੀ ਦੋਵੇਂ ਇਕੋ ਜਿਹੀਆਂ ਹਨ, ਇਸ ਵਾਸਤੇ ਦੋਵੇਂ ਇਕੋ ਹੀ ਹਨ, ਅਰ ਇਹ ਦੋਵੇਂ ਗੁਣ ਤਥਾ ਅਸਲੀਅਤ ਵਿਚ ਅੱਡ ਨਹੀਂ, ਭਾਵੇਂ ਪਦਵੀ ਜਾਂ ਦਰਜੇ ਵਿਚ ਅੱਡ ਹੀ ਹੋਨ।

ਵਡੇ ਵਡੇ ਵਿਦਵਾਨ ਅਤੇ ਪੂਰਣ ਪੁਰਸ਼ ਹੋ ਚੁਕੇ ਹਨ ਅਰ ਹੁਣ ਭੀ ਮੌਜੂਦ ਹਨ, ਜਿਨ੍ਹਾਂ ਦਾ ਇਹ ਵਿਸ਼ਵਾਸ ਹੈ ਕਿ ਸਾਡੇ ਜੀਵਨ ਦਾ ਸੋਮਾਂ ਵਾਹਿਗੁਰੂ ਅਕਾਲ ਪੁਰਖ ਹੈ ਅਰ ਸਾਡੀਆਂ ਛੋਟੀਆਂ ੨ ਨਦੀਆਂ ਉਸ ਅਥਾਹ ਸਮੁੰਦ੍ਰ ਤੋਂ ਨਿਕਲੀਆਂ ਹਨ, ਅਰ ਅਜਿਹੇ ਲੋਕ ਭੀ

ਹੋ ਚੁਕੇ ਹਨ, ਅਤੇ ਹੁਣ ਭੀ ਮੌਜੂਦ ਹਨ ਜਿਨ੍ਹਾਂ ਦਾ ਇਹ ਭਰੋਸਾ ਹੈ ਕਿ ਸਾਡੀ ਜ਼ਿੰਦਗੀ ਅਰ ਰੱਬੀ ਜੀਵਨ ਦੋਵੇਂ ਇਕੋਹੀ ਹਨ,ਇਸਵਾਸਤੇ ਈਸ਼੍ਵਰ ਅਰ ਜੀਵ "ਹਰਿ ਹਰਿ ਜਨ ਦੁਇ ਇਕ ਹੈ ਬਿਬ ਬਿਚਾਰ ਕਿਛੁ ਨਾਹਿ"। ਇਕ ਹਨ,ਇਹਨਾਂ ਵਿਚ ਕੁਝ ਫਰਕ ਨਹੀਂ।ਹੁਣ ਪ੍ਰਸ਼ਨ ਇਹ ਹੈ ਕਿ ਇਹਨਾਂ ਦੋਹਾਂ ਵਿਚ ਕੌਣ ਠੀਕ ਹੈ। ਜੇ ਠੀਕ ਠੀਕ ਸੋਚਿਆ ਜਾਏ ਅਰ ਪੂਰਾ ਧਿਆਨ ਕੀਤਾ ਜਾਵੇ ਤਾਂ ਮਲੂਮ ਹੋਵੇਗਾ ਕਿ ਦੋਵੇਂ ਠੀਕ ਹਨ।

ਪਹਿਲਾ ਵਿਸਵਾਸ ਲਵੋ–ਜੇ ਈਸ਼੍ਵਰ ਸਭ ਦੀ ਪਿੱਠ ਤੇ ਜੀਵਨ ਦੀ ਅਪਾਰ ਆਤਮਾਂ ਮੌਜੂਦ ਹੈ, ਅਰ ਉਸੇ ਤੋਂ ਸਭ ਕੁਝ ਪ੍ਰਕਾਸ਼ਤ ਹੈ ਤਾਂ ਫੇਰ ਸਾਫ ਜ਼ਾਹਰ ਹੈ ਕਿ ਸਾਡੀ ਜ਼ਿੰਦਗੀ ਅਕੱਲਿਆਂ ਹੋਣ ਕਰਕੇ ਉਸੇ ਅਪਾਰ ਭੰਡਾਰ ਤੋਂ ਉੱਤੋੜੁੱਤੀ ਬਖ਼ਸ਼ਸ਼ ਹੁੰਦੀ ਰਹਿੰਦੀ ਹੈ। ਹੁਣ ਦੂਜਾ ਵਿਸਵਾਸ ਲੌ! ਜੇ ਸਾਡੀ ਜ਼ਿੰਦਗੀ ਅਕੱਲੀ ੨ ਰੂਹ ਦੀ ਨਿਆਈਂ ਜੀਵਨ ਦੇ ਉਸ ਅਥਾਹ ਆਤਮਾਂ ਤੋਂ ਸਿੱਧੀ ਹੀ ਬਖਸ਼ਸ਼ ਹੋਣੀ ਹੈ, ਅਰ ਉਸੇ ਦਾ ਭਾਗ ਹੈ, ਤਾਂ ਅਪਾਰ ਆਤਮਾਂ ਦਾ ਦਰਜਾ ਜੋ ਹਰ ਇਕ ਦੇ ਜੀਵਨ ਵਿਚ ਪ੍ਰਗਟ ਹੋਇਆ ਹੈ,ਗੁਣਾਂ ਵਿਚ ਉਸੇ ਤਰਾਂ ਅਪਣੇ ਭੰਡਾਰ ਦੀ ਨਿਆਈਂ ਹੋਣਾ ਉਚਿਤ ਹੈ, ਜਿਸ ਤਰਾਂ ਕਿ ਸਮੁੰਦ੍ਰ ਦੇ ਪਾਣੀ ਦੇ ਤੁਬਕੇ ਵਿਚ ਉਸੇ ਤਰਾਂ ਸਮੁੰਦ੍ਰ ਦੇ ਗੁਣ ਤੇ ਸਿਫਤਾਂ ਦ੍ਰਿਸ਼ਟੀ ਆਉਂਦੀਆਂ ਹਨ। ਅਸਲ ਵਿਚ ਉਸੇ ਤਰਾਂ ਹੋਣਾਂ ਚਾਹੀਦਾ ਹੈ, ਹੋਰ ਕਿਸੇਤਰਾਂ ਨਹੀਂ ? ਪਰ ਪਿਛਲੀ ਹਾਲਤ ਵਿਚ ਹੇਠ ਲਿਖੇ

ਅਨੁਸਾਰ ਭੁਲੇਖੇ ਦੇ ਪੈ ਜਾਣ ਦਾ ਭੈ ਹੈ, ਅਰਥਾਤ ਇਹ ਕਿ ਭਾਵੇਂ ਈਸ਼੍ਵਰੀ ਜ਼ਿੰਦਗੀ (ਰੱਬੀ ਜੀਵਨ) ਅਰ ਮਨੁੱਖ ਦੀ ਜ਼ਿੰਦਗੀ ਅਸਲ ਵਿਚ ਬਰਾਬਰ ਹੀ ਹਨ, ਪਰ ਰੱਬੀ ਜੀਵਨ ਹਰ ਮਨੁੱਖ ਜੀਵਨ ਨਾਲੋਂ ਐਨਾਂ ਉੱਚ ਹੈ ਕਿ ਉਸ ਵਿਚ ਹੋਰ ਸਭ ਕੁਝ ਸ਼ਾਮਲ ਹੈ, ਜਾਂ ਇਉਂ ਆਖੋ ਕਿ ਜੀਵਨ ਦੇ ਗੁਣਾਂ ਦੇ ਲਿਹਾਜ਼ ਨਾਲ ਤਾਂ ਓਹ ਦੋਵੇਂ ਅਸਲ ਵਿਚ ਇੱਕੋ ਜਿਹੇ ਹਨ ਪਰ ਜੀਵਨ ਦੇ ਦਰਜੇ ਦੇ ਲਿਹਾਜ਼ ਨਾਲ ਓਹ ਦੋਵੇਂ ਬਹੁਤ ਹੀ ਭਿੰਨ ੨ ਹਨ।

ਏਸ ਤਰਾਂ ਨਾਲ ਕੀ ਸਾਫ ਸਿੱਧ ਨਹੀਂ ਹੈ ਕਿ ਇਹ ਦੋਵੇਂ ਤਰਹਾਂ ਦੇ ਖਿਆਲ ਠੀਕ ਹਨ ? ਸਗੋਂ ਇਹ ਕੈਹਣਾ ਉਚਤ ਹੈ ਕਿ ਇਹ ਦੋਵੇਂ ਖਿਆਲ ਇੱਕ ਹੀ ਹਨ, ਏਹਨਾਂ ਦੁਹਾਂ ਖਿਆਲਾਂ ਦਾ ਵੇਰਵਾ ਇੱਕ ਹੀ ਉਦਾਹਰਨ ਤੋਂ ਸਹੀ ਹੋ ਸਕਦਾ ਹੈ।

ਮੰਨ ਲਵੋ ਕਿ ਜੰਗਲ ਵਿਚ ਇੱਕ ਟੋਭਾ ਹੈ ਅਰ ਉਸ ਵਿਚ ਪਹਾੜ ਦੇ ਉੱਪਰ ਵਾਲੇ ਟੋਭੇ ਤੋਂ ਪਾਣੀ ਆਉਂਦਾ ਰਹਿੰਦਾ ਹੈ ਅਰ ਉਸ ਪਹਾੜ ਦੇ ਚੁਬੱਚੇ ਵਿਚ ਪਾਣੀ ਦਾ ਅਥਾਹ ਭੰਡਾਰ ਮੌਜੂਦ ਹੈ, ਏਸ ਵਾਸਤੇ ਇਹ ਸੱਚ ਹੈ ਕਿ ਜੰਗਲ ਦੇ ਟੋਭੇ ਵਿਚ ਪਹਾੜ ਦੇ ਵੱਡੇ ਟੋਭੇ ਵਿਚੋਂ ਪਾਣੀ ਵਗ ਵਗਕੇ ਬਰਾਬਰ ਆਉਂਦਾ ਰਹਿੰਦਾ ਹੈ, ਅਰ ਇਹ ਭੀ ਸੱਚ ਹੈ ਕਿ ਏਸ ਛੋਟੇ ਹੌਜ਼ ਦਾ ਪਾਣੀ ਸ਼ਕਲ ਹਛਿਆਈ ਅਤੇ ਗੁਣਾਂ ਦੇ ਲਿਹਾਜ਼ ਨਾਲ ਓਸੇ ਤਰਾਂ ਵੱਡੇ ਹੌਜ਼ ਦੇ ਪਾਣੀ ਵਰਗਾ ਹੈ, ਪਰ ਫਰਕ ਕੇਵਲ ਏਨਾ ਹੈ ਕਿ ਪਹਾੜ ਦਾ ਹੌਜ਼ ਆਪਣੇ ਪਾਣੀ ਦੀ ਮਿਕਦਾਰ ਦੇ ਲਿਹਾਜ਼ ਨਾਲ ਜੰਗਲ ਦੇ

ਹੌਜ਼ ਨਾਲੋਂ ਇੰਨਾਂ ਵਧਕੇ ਹੈ ਕਿ ਓਹ ਜੰਗਲ ਜਿਹੇ ਕਈ ਅਣਗਿਣਤ ਹੌਜ਼ਾਂ ਨੂੰ ਪਾਣੀ ਪੁਚਾ ਸਕਦਾ ਹੈ ਅਰ ਫੇਰ ਭੀ ਉਸਦੇ ਪਾਣੀ ਦਾ ਜ਼ਖੀਰਾ (ਭੰਡਾਰ) ਘੁਟਨ ਵਿਚ ਨਹੀਂ ਆਉਂਦਾ।

ਇਹੋ ਹਾਲ ਮਨੁੱਸ਼ ਜੀਵਨ ਦਾ ਹੈ, ਜੇ ਅਸੀਂ ਇਹ ਮੰਨ ਲਵੀਏ ਜਿਹਾ ਕਿ ਅਸਾਂ ਨੇ ਹੁਣੇ ਹੀ ਮੰਨ ਲੀਤਾ ਹੈ ਤਾਂ ਉਸ ਵਿਚ ਵਿਰੋਧਤਾ ਦੀ ਕੋਈ ਥਾਂ ਪ੍ਰਤੀਤ ਨਹੀਂ ਹੁੰਦੀ ਕਿ ਇਹੰ ਜੀਵਨ ਦੀ ਅਪਾਰ ਆਤਮਾਂ ਸਰਬ ਵਿਖੇ ਹੈ, ਇਹੀ ਸਭ ਦਾ ਜੀਵਨ ਹੈ ਅਰ ਸਾਰਾ ਪਸਾਰਾ ਏਸੇ ਤੋਂ ਹੈ, ਤਾਂ ਫੇਰ ਹਰ ਇਕ ਜੀਵ ਮਾਤ੍ਰ ਦੀ ਜ਼ਿੰਦਗੀ, ਜਿਹਾ ਕਿ ਸਾਡੀ ਤੁਹਾਡੀ ਜ਼ਿੰਦਗੀ, ਸਭ ਏਸੇ ਅਪਾਰ ਪ੍ਰਮਾਤਮਾਂ ਥੀਂ ਪ੍ਰਕਾਸ਼ਤ ਹੋਣੀ ਚਾਹੀਦੀ ਹੈ। ਅਰ ਜੇ ਇਹ ਸੱਚ ਹੈ ਤਾਂ ਜੋ ਜੀਵਨ ਮਨੁਸ਼ ਵਿਖੇ ਇਸ ਚਸ਼ਮੇਂ (ਸੋਮੇਂ) ਤੋਂ ਔਂਦਾ ਹੈ ਓਹ ਜ਼ਰੂਰ ਅਸਲੀਅਤ ਦੇ ਲਿਹਾਜ਼ ਨਾਲ ਉਸੇ ਜੀਵਨ ਦੀ ਅਪਾਰ ਆਤਮਾਂ ਨਾਲ ਮਿਲਦਾ ਜੁਲਦਾ ਹੈ, ਜੇ ਕੁਝ ਫਰਕ ਹੈ ਤਾਂ ਅਸਲੀਯਤ ਵਿਚ ਨਹੀਂ ਕੇਵਲ ਦਰਜੇ ਜਾਂ ਮਿਕਦਾਰ ਵਿਚ ਹੈ।

ਏਸ ਵਾਸਤੇ ਜੇ ਇਹ ਸੱਚ ਹੈ ਤਾਂ ਕੀ ਇਸਤੋਂ ਇਹ ਭਾਵ ਨਹੀਂ ਨਿਕਲਦਾ ਕਿ ਮਨੁਸ਼ ਜਿੰਨਾਂ ਏਸ ਚਸ਼ਮੇਂ ਤੋਂ ਪ੍ਰਾਪਤ ਕਰਦਾ ਹੈ ਉੱਨਾਂ ਹੀ ਓਹ ਈਸ਼੍ਵਰ ਦੀ ਸਮੀਪਤਾ ਪ੍ਰਾਪਤ ਕਰਦਾ ਹੈ ? ਜੇ ਇਹ ਠੀਕ ਹੈ ਤਾਂ ਉਸਤੋਂ ਇਹ ਇਕ ਜਰੂਰੀ ਭਾਵ ਉਤਪੰਨ ਹੁੰਦਾ ਹੈ ਕਿ ਜਿੰਨਾਂ ਮਨੁਸ਼ ਵਾਹਿਗੁਰੂ ਦੀ ਸਮੀਪਤਾ ਨੂੰ ਪ੍ਰਾਪਤ

ਕਰਦਾ ਹੈ. ਉੱਨੀਆਂ ਹੀ ਵੱਧ ਉਸ ਵਿਚ ਈਸ਼੍ਵਰੀ ਸ਼ਕਤੀਆਂ ਪ੍ਰਗਟ ਹੁੰਦੀਆਂ ਜਾਂਦੀਆਂ ਹਨ ਅਰ ਜੇ ਇਹ ਈਸ਼੍ਵਰੀ ਸ਼ਕਤੀਆਂ ਬੇਹੱਦ ਹੰਨ ਤਾਂ ਕੀ ਉਸਤੋਂ ਇਹ ਭਾਵ ਨਹੀਂ ਨਿਕਲਦਾ ਕਿ ਮਨੁਸ਼ ਆਪਣੇ ਆਪ (ਸ੍ਵੈਸਰੂਪ) ਦੀ ਲਖਤਾ ਨਾਂ ਕਰਕੇ ਆਪਣੇ ਲਈ ਬੰਧਨ ਪੈਦਾ ਕਰ ਲੈਂਦਾ ਹੈ,ਨਹੀਂ ਤਾਂ ਜੇ ਪੁਰਸ਼ ਜਤਨ ਕਰੇ ਅਰ ਆਪਣੀ ਅਸਲੀਅਤ ਨੂੰ ਮਲੂਮ ਕਰੇ, ਤਾਂ ਈਸ਼੍ਵਰ ਦੀ ਸਮੀਪਤਾ ਦੁਆਰਾ ਬਅੰਤ ਸ਼ਕਤੀਆਂ ਪ੍ਰਾਪਤ ਕਰ ਸਕਦਾ ਹੈ।

ਬਅੰਤ ਆਤਮਾ ਜੀਵਨ ਕੇਰਾ, ਸਭ ਦੀ ਪੁਸ਼ਤ ਪਨਾਹਾ ਧਾਰ!
ਏਹੀ ਸਭਦਾ ਜੀਵਨ ਅਸਲੀ, ਇਸ ਬਾਝੋਂ ਸਭ ਹੈਨ ਅਸਾਰ।
ਸਭ ਕੁਝ ਏਸੇ ਤੋਂ ਪ੍ਰਗਟਾਵੇ, ਇਹ ਸਾਗਰ ਹਮ ਏਸ ਤਰੰਗ।
ਸਾਗਰ ਭੇਦ ਤਰੰਗ ਕਿਥਾਊ, ਇੱਕੋ ਇਹ ਸਭ ਮੂਲ ਨੂ ਅੰਗ।
ਭੇਦ ਉਪਾਧੀ ਬੜੀ ਉਪਾਧੀ, ਮੇਟਿ ਉਪਾਧੀ ਸਾਧੋ ਇੱਕ।
ਖੋਲ੍ਹ ਮਿਲੇ ਦਾ ਹੁਣ ਦਰਵਾਜ਼ਾ, ਮਿਲ ਪਜਾਰੇ ਗਲਿ ਭਰ ਕੇ ਸਿੱਕ।
ਸਭ ਸਮਰੱਥਾ ਪ੍ਰਗਟੇ ਤੁਧ ਵਿਚ, ਉਹ ਪ੍ਰਗਟਾਵੇਂ ਜੇ ਨਿਜ ਵਿੱਚ।
ਭੁੱਲ ਮਿਟਾ ਹਟਾ ਦੇ ਪਰਦਾ, ਅੰਦਰ ਅੰਦਰ ਉਸ ਨੂੰ ਖਿੱਚ।
ਭੁੱਲ ਵਿਛੋੜ ਜਾ- ਹੈਂ ਤੂੰ ਓਹੋ-ਅਪਰ ਅਪਾਰ ਸ਼ਕਤਿ ਮਾਲਕ।
ਖਲਕਤ ਪਜਾਰੀ ਜ਼ਿੰਮੇਵਾਰੀ, ਝਾਕੀ ਲੈ ਪਿਖ ਪਿਖ ਖਾਲਕ।
ਭੁੱਲ ਵਿਛੋੜੇ ਦੇ ਵਿਚ ਬੰਧਨ, ਛੁੱਟੇਂ ਆਪ ਚ ਉਸ ਨੂੰ ਲਖ।
ਕੱਖੀਂ ਤੁਲਦੀ ਜ਼ਿੰਦੜੀ ਤੇਰੀ, ਮੁੱਲ ਵਿਕਾਊ ਲੱਖੋ ਲੱਖ।
ਨਾਲ ਦਲੀਲਾਂ ਅਕਲਾਂ ਦੇ ਇਕ, ਗੱਝੀ ਗੱਲ ਸੁਝਾਈ ਤੁਧ।
ਭਰਮ ਮਿਟਾਈਂ ਸੰਸੇ ਤਾਈਂ, ਖੋਲ੍ਹ ਅੱਖ ਚੁੰਧਜਾਈ ਬੁਧ।
ਆਪੇ ਵਿੱਚੋਂ ਬਾਹਰ ਨ ਮੰਨੀਂ, ਓਹੋ ਤੇਰੇ ਅੰਦਰ ਬਾਹਰ।
ਕੰਮ ਕਰੇ ਸਭ ਕਾਰ ਕਰਾਵੇ ਕਰੇ ਨ ਕੁਛ ਬੱਸ ਇਹ ਆਹਾਰ।੧॥

੩—ਮਨੁੱਸ਼ ਜੀਵਨ ਦਾ ਅਸਲੀ ਭਾਵ

ਮੇਰੇ ਤੇਰੇ ਜੀਵਨ ਸੰਦਾ, ਕੇਂਦ੍ਰ ਮੁੱਖ ਅਹੈ ਨਿਜ ਸਾਰ।
ਪੂਰਬ ਪੱਛਮ ਉੱਤ੍ਰ ਦੱਖਣ, ਜਿਸ ਤੋਂ ਪ੍ਰਗਟਯਾ ਸਕਲ ਪਸਾਰ॥
ਇੱਕੋ ਓਹੋ ਕੇਂਦ੍ਰ ਜਿਹੜਾ, ਮੁੜ ੨ ਤੱਕੋ ਸਾਰੇ ਯਾਰ।
ਦੁਬਿਧਾ ਛੁਟੇ ਬੰਧਨ ਟੁਟੇ, ਪਾਓ ਭੌਜਲ ਪਾਰ ਕਿਨਾਰ।੧॥
ਜਦ ਤਕ ਭੁੱਲੇ, ਉਹ ਨ ਭੁੱਲੇ, ਸਰਬ ਸ਼ਕਤਿ ਦਾ ਧਨੀ ਅਪਾਰ।
ਸੂਰਜ ਚਮਕੇ ਨੂਰ ਜ਼ਹੂਰਾ, ਪੱਟੀ ਅੱਖੋਂ ਦੂਰ ਵਿਡਾਰ।
ਹਉਮੈ ਧਰਜਾ ਆਪ ਵਿਸਰਜਾ, ਮਦ ਮੂਰਖਤਾ ਪੀਂਦੇ ਸਾਰ।
ਵਿਕਰ ਕਰੇ ਭਰਜ ਜੋ ਕਰਧਾਰੇ, ਅਮਲ ਸ਼ਰਾਬੀ ਉਤਰ ਉਤਾਰ।੨।
ਰਮਜ਼ ਅਨੋਖੀ ਡਾਢੀ ਚੋਖੀ, ਓਹ ਤੂੰ ਦੋਵੇਂ ਇਕ ਸਾਰ।
ਓਹ ਜਹਾਨੀ, ਤੂੰ ਜਹਾਨੀ, ਦੁਬਿਧਾ ਵਿੱਚੋਂ ਦਿਹੋ ਨਿਕਾਰ॥
ਇੱਕੋ ਰੌ ਓਸ ਵਿਚ ਤੇਰੇ, ਨਾਂ ਮਤਲਬ ਰਖ ਪਾਰ ਉਰਾਰ।
ਭਰ ੨ ਅੰਮ੍ਰਿਤ ਪਯਾਲੇ ਪੀਵੋ, ਦੈਵੀ ਗੰਗ ਬਹੇ ਇਕਧਾਰ।੩।
ਛੋਟੀ ਵੱਡੀ ਗੱਲ ਸਭੀ ਬਿਧ, ਜਯੋਂ ਉਸਦੇ ਤਯੋਂ ਤੇਰੇ ਹੱਥ।
ਓਹ ਸੁਤੰਤ੍ਰ ਤੂੰ ਸੁਤੰਤ੍ਰ, ਤੇਰੀ ਓਹਦੀ ਇੱਕੋ ਗੱਥ॥
ਕੱਢ ਕਿਤਾਬਾਂ ਪੁੱਛ ਸ਼ਿਤਾਬਾਂ, ਸੰਤ ਚਲਾਵਣ ਏਹੋ ਸੱਥ।
ਭੰਨਣ ਘੜਨ ਦਾ ਓਹ ਧਨੀ, ਤੂੰ ਭੰਨਣ ਘੜਨ ਆਪ ਸਮਰੱਥ।੪।

ਅਸਾਂ ਸ੍ਰਿਸ਼ਟੀ ਦਾ ਅਸਲੀ ਭਾਵ ਪੈਹਲੇ ਵਰਨਨ ਕਰ ਦਿੱਤਾ ਹੈ ਅਰ ਉਸ ਨਾਲ ਸਾਡੀ ਸੰਮਤੀ ਹੈ, ਅਰਥਾਤ ਇਹ ਅਪਾਰ ਆਤਮਾਂ ਸਭਨਾਂ ਦੇ ਨਾਲ ਹੈ ਅਰ ਉਸੇ ਤੋਂ ਸਭਨਾਂ ਦੀ ਉਤਪੱਤੀ ਹੈ। ਸ੍ਰਿਸ਼ਟੀ ਦੇ ਏਸ ਅਸਲੀ ਭਾਵ ਤੋਂ ਅਸੀ ਇਹ ਮਲੂਮ ਕਰਨਾਂ ਚਾਹੁੰਦੇ ਹਾਂ ਕਿ

ਮਨੁਸ਼ ਜੀਵਨ ਦਾ ਭਾਵ ਅਤੇ ਅਸ਼ਲੀਅਤ ਕੀ ਹੈ? ਇਸ ਪ੍ਰਸ਼ਨ ਦਾ ਉੱਤ੍ਰ ਉੱਪਰਲੇ ਕਥਨ ਤੋਂ ਆਪ ਹੀ ਮਿਲ ਸਕਦਾ ਹੈ। ਜੈਸਾ ਕਿ:—

ਕਬਿੱਤ

ਈਖ ਮੇਂ ਮਧਰਾਈ ਜੈਸੇ ਸੌਂਧੇ ਮੇਂ ਹੈ ਨਿਮਕਾ ਪਨ, ਤਿਲਨ ਮੈ ਤੇਲ ਔਰ ਸੀਤਲਤਾ ਹੈ ਓਲੇ ਮੇਂ। ਨੀਮ ਮੈਂ ਹੈ ਕੜਵਾ ਪਨ ਮਰਚ ਮੈਂ ਹੈ ਤੀਖਨਤਾ, ਦੂਧ ਮੈਂ ਘ੍ਰਿਤ ਔਰ ਸੁਗੰਧ ਹੈ ਬੇਲੇ ਮੈਂ। ਆਮ ਮੇਂ ਖਟਾਈ ਜੈਸੇ ਅਗਨ ਮੇਂ ਹੈ ਊਸ਼ਨਤਾ, ਸ਼ੋਰੇ ਮੇਂ ਖਾਰਾ ਪਨ ਰੂਈ ਹੈ ਬਨੌਲੇ ਮੈਂ। ਕਾਸ਼ਟ ਮੇਂ ਅਗਨ ਜੈਸੇ ਬੀਜ ਮੇਂ ਬ੍ਰਿਖ੍ਹ ਬਹੁਰਿ ਐਸੇ ਰਾਮ ਛਪਾ ਸਕਲ ਪ੍ਰਾਣੀਓਂ ਕੇ ਚੋਲੇ ਮੇਂ॥

ਸਭ ਵਿਚ ਸਭ ਦਾ ਆਸਰਾ ਭੂਤ ਵਯਾਪਕ ਹੋਣ ਕਰਕੇ ਭੀ ਇਨ੍ਹਾਂ ਅੱਖਾਂ ਨਾਲ ਸਾਡੇ ਅਤੇ ਤੁਹਾਡੇ ਜੀਵਨ ਵਿਖੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਅਸੀ ਏਸ ਗੱਲ ਨੂੰ ਚੰਗੀ ਤਰਾਂ ਸਮਝ ਲਵੀਏ ਅਰਥਾਤ ਲਖਤਾ ਕਰ ਲਈਏ ਕਿ ਅਸੀ ਅਰ ਉਹ ਅਪਾਰ ਆਤਮਾਂ ਇਕ ਹੀ ਹਾਂ, ਅਰ ਅਸੀ ਉਸ ਈਸ਼੍ਵਰੀ ਰੌ ਨੂੰ ਆਪਣੇ ਅੰਦਰ ਆਉਣ ਦੇਵੀਏ। ਮਨੁੱਸ਼ ਜੀਵਨ ਵਿਚ ਇਹ ਉੱਚ ਅਤੇ ਉੱਤਮ ਤੋਂ ਉੱਤਮ ਭਾਵ ਹੈ, ਕਿਉਂਕਿ ਹੋਰ ਸਾਰੀਆਂ ਚੀਜ਼ਾਂ ਏਸਦੇ ਅੰਦਰ ਸ਼ਾਮਲ ਹਨ ਅਰ ਏਸ ਤੋਂ ਪ੍ਰਗਟ ਹੁੰਦੀਆਂ ਹਨ। ਜਿੰਨਾਂ ਅਸੀ ਏਸ ਏਕਤਾ ਨੂੰ ਚੰਗੀ ਤਰਾਂ ਸਮਝਾਂਗੇ ਅਰ ਉਸ ਈਸ਼੍ਵਰੀ ਰੌ ਨੂੰ ਆਪਣੇ ਅੰਦਰ ਪ੍ਰਵਿਰਤ ਕਰਾਂਗੇ ਉੱਨਾਂ ਹੀ ਅਸੀ ਉਸ ਅਪਾਰ ਪ੍ਰਮਾਤਮਾਂ ਦੇ ਜੀਵਨ ਦੇ ਗੁਣਾਂ ਅਤੇ ਤਾਕਤਾਂ ਨੂੰ ਆਪਣੇ

ਅੰਦਰ ਅਨਭਵ ਕਰਾਂਗੇ।

ਹੁਣ ਪ੍ਰਸ਼ਨ ਇਹ ਹੈ ਕਿ ਇਸ ਤੋਂ ਭਾਵ ਕੀ ਹੈ? ਉਸਦੇ ਅਰਥ ਕੇਵਲ ਇਹ ਹਨ ਕਿ ਅਸੀ ਆਪਣਾ ਅਸਲੀ ਅਤੇ ਸੱਚਾ ਸੰਬੰਧ ਪਛਾਨਣ ਲਗਦੇ ਹਾਂ ਅਰ ਆਪਣੇ ਜੀਵਨ ਨੂੰ ਉਨ੍ਹਾਂ ਵੱਡੇ ੨ ਨਿਯਮਾਂ ਅਤੇ ਤਾਕਤਾਂ ਦੇ ਅਨੁਸਾਰ ਬਨਾਂਦੇ ਜਾਂਦੇ ਹਾਂ, ਅਰ ਇਸ ਤ੍ਰੀਕੇ ਨਾਲ ਉਨ੍ਹਾਂ ਦੀਆਂ 'ਰੱਬੀ ਅਕਾਸ਼ ਬਾਣੀਆਂ ਦੇ ਭੇਤ ਸਾਡੇ ਅੰਦਰ ਖੁਲ੍ਹ ਜਾਣੇ ਸੰਭਵ ਹਨ, ਜੋ ਸ੍ਰਿਸ਼ਟੀ ਦੇ ਪਿਛਲੇ ਇਤਹਾਸਾਂ ਵਿਚ ਸਭ ਨਬੀਆਂ, ਔਲੀਆਵਾਂ, ਰਿਸ਼ੀਆਂ, ਮੁਨੀਆਂ ਅਤੇ ਮੁਕਤੀ ਦਾਤਿਆਂ ਅਤੇ ਸੰਪੂਰਣ ਵਡੇ ੨ ਅਰ ਬਲਵਾਨ ਪੁਰਸ਼ਾਂ ਤੇ ਉਹ ਭੇਤ ਖੁਲ੍ਹੇ ਹੋਏ ਹਨ। ਕਿਉਂਕਿ ਜਿੰਨੀਂ ਅਸੀ ਏਸ ਗੱਲ ਦੀ ਹੱਛੀ ਤਰਾਂ ਲਖਤਾ ਕਰਾਂਗੇ ਅਰ ਉਸ ਅਪਾਰ ਆਤਮਾਂ ਨਾਲ ਆਪਣਾਂ ਸੰਬੰਧ ਪ੍ਰਗਟ ਕਰਾਂਗੇ, ਉਤਨੀਆਂ ਹੀ ਸਾਡੀਆਂ ਉਚ ਸ਼ਕਤੀਆਂ ਅਸਾਡੇ ਅੰਦਰ ਸਫੁਰਤ ਹੋਣਗੀਆਂ, ਭਾਵ ਦਮਕਨਗੀਆਂ, ਅਮਲ ਕਰਨ ਗੀਆਂ ਅਤੇ ਪ੍ਰਗਟ ਹੋਣਗੀਆਂ। ਹੋ ਸਕਦਾ ਹੈ ਕਿ ਅਸੀ ਬਹੁਤੇ ਲੋਕਾਂ ਵਾਂਗ ਅਵਿਦਿਆ ਕਰਕੇ ਇਸ ਈਸ਼ੂਰੀ ਰੌ ਨੂੰ ਅਰ ਉਨ੍ਹਾਂ ਉਚ ਦਰਜੇ ਦੀਆਂ ਸ਼ਕਤੀਆਂ ਅਤੇ ਤਾਕਤਾਂ ਨੂੰ ਆਪਣੇ ਅੰਦਰ ਨਾਂ ਆਉਣ ਦੇਈਏ, ਜਾਂ ਅਸੀ ਜਾਣ ਬੁਝ ਕੇ ਏਹਨਾਂ ਦਾ ਅਸਰ ਆਪਣੇ ਉਤੇ ਨਾਂ ਹੋਨ ਦੇਈਏ ਅਰ ਏਸ ਤਰਾਂ ਅਸੀ ਉਨ੍ਹਾਂ ਤਾਕਤਾਂ ਤੋਂ ਸੱਖਣੇ ਰਹਿ ਜਾਈਏ, ਜੋ ਸਾਨੂੰ ਆਪਣੇ ਸਰੀਰ ਦੇ ਹੋਣ ਕਰਕੇ ਵਿਰਸੇ (ਪਿਤਾ

ਰੱਖੀ ਹੱਕ) ਵਿਚ ਮਿਲੀਆਂ ਹਨ, ਅਰ ਜਿਨ੍ਹਾਂ ਨੂੰ ਪ੍ਰਾਪਤ ਕਰਨ ਦਾ ਸਾਨੂੰ ਹੱਕ ਹੈ। ਉਲਟ ਇਸਦੇ ਇਹ ਭੀ ਹੋ ਸਕਦਾ ਹੈ ਕਿ ਅਸੀ ਆਪਣੇ ਅਸਲੀ ਜੀਵਨ ਅਤੇ ਉਸ ਅਪਾਰ ਜੀਵਨ ਨੂੰ ਇਕ ਸਮਝੀਏ, ਅਰ ਏਸ ਈਸ਼੍ਵਰੀ ਰੌ ਨੂੰ ਅਜੇਹੀ ਪੂਰੀ ਤਰਾਂ ਆਪਣੇ ਅੰਦਰ ਪ੍ਰਵਿਰਤ ਹੋਣ ਦੇਵੀਏ, ਅਰ ਏਹਨਾਂ ਉਚ ਸ਼ਕਤੀਆਂ ਅਰ ਤਾਕਤਾਂ ਦਾ ਅਸਰ ਅਜਿਹੇ ਹੋ ਸਕਨ ਵਾਲੇ ਢੰਗ ਅਕਾਸ਼ ਬਾਣੀਆਂ ਨਾਲ ਹੋਣਦੇਈਏ ਕਿ ਅਸੀ ਸਚਮੁਚ ਅਰ ਅਸਲ ਵਿਚ ਈਸ਼੍ਵਰੀ ਸਮੀਪਤਾ ਅਰ ਅਪਾਰ ਤਾਕਤਾਂ ਨੂੰ ਪ੍ਰਾਪਤ ਕਰਕੇ ਮਾਨੋਂ ਈਸ਼੍ਵਰੀ ਗੁਣਾਂ ਸੰਪੰਨ ਪੁਰਸ਼ ਅਰਥਾਤ ਗੁਬਿੰਦ ਲੋਕ (ਗੁਰਮੁਖ) ਬਣ ਜਾਈਏ।

ਈਸ਼੍ਵਰੀ ਗੁਣਾਂ ਸੰਪੰਨ ਪੁਰਸ਼ ਕੀ ਹੈ ? ਉਹ ਓਹ ਪੁਰਸ਼ ਹੈ ਜਿਸ ਵਿਖੇ ਅਕਾਲ ਪੁਰਖ ਜੀ ਦੀਆਂ ਸ਼ਕਤੀਆਂ ਦਾ ਪ੍ਰਕਾਸ਼ ਹੋਵੇ, ਭਾਵੇਂ ਉਹ ਅਜੇ ਪੁਰਸ਼ ਹੈ। ਕੋਈ ਪੁਰਸ਼ ਅਜਿਹੇ ਪੁਰਸ਼ ਜਾਂ ਇਸਤ੍ਰੀ ਵਾਸਤੇ ਕੋਈ ਹੱਦਾਂ ਜਾਂ ਬੰਧਨ ਕਾਇਮ ਨਹੀਂ ਕਰ ਸਕਦਾ,ਕੈਦਾਂ (ਬੰਧਨ) ਕੇਵਲ ਹੰਕਾਰ ਦੀਆਂ ਜਾਂ ਉਸ ਇਸਤ੍ਰੀ ਜਾਂ ਪੁਰਸ਼ ਦੀਆਂ ਆਪਣੀਆਂ ਹੀ ਕੈਦਾਂ ਹੋ ਸਕਦੀਆਂ ਹਨ,ਵਿਸ਼ੇਸ਼ ਕਰਕੇ ਕਈ ਲੋਕਾਂ ਦੀਆਂ ਕੈਦਾਂ ਦਾ ਵਡਾ ਅੰਗ ਅਵਿਦਯਾ ਹੀ ਹੈ, ਅਰ ਏਸ ਵਾਸਤੇ ਬਹੁਤ ਸਾਰੇ ਲੋਕ ਆਪਣਾ ਤੰਗ ਤੇ ਅਲਪੱਗ ਜੀਵਨ ਬਤੀਤ ਕਰਦੇ ਹਨ, ਕੇਵਲ ਏਸ ਕਰਕੇ ਕਿ ਓਹ ਸਭ ਤੋਂ ਵਧੀਕ ਖੁਲੇ ਜੀਵਨ ਨੂੰ ਜੋ ਓਹਨਾਂ ਨੂੰ

ਧੁਰਾਹੂੰ ਹੱਕ ਅਰਥਾਤ ਵਿਰਸੇ ਵਿਚ ਮਿਲਿਆ ਹੈ, ਸਮਝਣ ਅਤੇ ਪ੍ਰਾਪਤ ਕਰਨ ਦਾ ਯਤਨ ਨਹੀਂ ਕਰਦੇ, ਅਰ ਹੁਣ ਤਾਈਂ ਓਹਨਾਂ ਨੂੰ ਇਹ ਪਤਾ ਹੀ ਨਹੀਂ ਕਿ ਸਾਡੇ ਜੀਵਨ ਦਾ, ਅਸਲੀ ਭਾਵ ਕੀ ਹੈ ਅਰ ਕਿਸ ਨਾਲ ਪਿਆਰ ਰੱਖਦਾ ਹੈ ?

ਮਨੁੱਸ਼ ਮਾਤ੍ਰ ਨੇ ਅਜੇ ਇਸ ਗੱਲ ਨੂੰ ਪੂਰਾ ੨ ਨਹੀਂ ਸਮਝਿਆ ਹੈ ਕਿ ਮਨੁੱਸ਼ ਦਾ ਅਸਲੀ ਮੰਤਵਜ ਅਰ ਈਸ਼੍ਵਰੀ ਜੀਵਨ ਦੋਵੇਂ ਇੱਕ ਹੀ ਹਨ ਮਨੁੱਸ਼ ਮਾਤ੍ਰ ਨੇ ਅਗਜਾਨ ਕਰਕੇ ਅਜੇ ਤਾਈਂ ਈਸ਼੍ਵਰੀ ਰੌ ਨੂੰ ਆਪਣੇ ਅੰਦਰ ਪਰਵਿਰਤ ਨਹੀਂ ਹੋਣ ਦਿੱਤਾ ਅਰ ਏਸ ਵਾਸਤੇ ਉਸਨੇ ਆਪਣੇ ਆਪ ਨੂੰ ਅਪਾਰ ਤਾਕਤਾਂ ਤੇ ਸ਼ਕਤੀਆਂ ਦੇ ਪ੍ਰਗਟ ਹੋਣ ਦਾ ਵਸੀਲਾ ਨਹੀਂ ਬਣਾਇਆ। ਜਦੋਂ ਅਸੀ ਆਪਣੇ ਆਪ ਤਾਈਂ ਕੇਵਲ ਮਨੁੱਖ ਖਿਆਲ ਕਰਦੇ ਹਾਂ ਤਦੋਂ ਅਸੀ ਉਜੇਹੀ ਮਨੁਸ਼ ਜ਼ਿੰਦਗੀ ਹੀ ਬਤੀਤ ਕਰਦੇ ਹਾਂ, ਅਰ ਕੇਵਲ ਮਨੁਖਾਂ ਵਰਗਾ ਬਲ਼ ਰੱਖਦੇ ਹਾਂ, ਪਰ ਜਦੋਂ ਅਸੀ ਉਸ ਅਸਲੀ ਭਾਵ ਅਰਥਾਤ ਸਵੈ ਸਰੂਪ ਦੀ ਗਿਆਤ ਕਰੀਏ ਕਿ ਅਸੀ ਵਾਸ੍ਤਵ ਵਿਖੇ ਈਸ਼੍ਵਰੀ ਜੀਵ ਹਾਂ, ਤਾਂ ਅਸੀ ਉਹੋ ਹੀ ਜੀਵਨ ਅਰਥਾਤ ਈਸ਼ਵਰੀ ਜੀਵਨ ਬਤੀਤ ਕਰਦੇ ਹਾਂ ਅਰ ਸਾਡੇ ਵਿਚ ਈਸ਼੍ਵਰੀ ਪੁਰਸ਼ਾਂ ਵਰਗੀਆਂ ਤਾਕਤਾਂ ਹੁੰਦੀਆਂ ਹਨ। ਜਿੰਨਾਂ ਅਸੀ ਆਪਣੇ ਅੰਦਰ ਇਸ ਈਸ਼ਵਰੀ ਰੌ ਨੂੰ ਪਰ ਵਿਰਤ ਕਰਾਂਗੇ ਓਤਨਾਂ ਹੀ ਅਸੀ ਕੇਵਲ ਮਨੁੱਸ਼ ਮਾਤ੍ਰ ਦੀ ਪਦਵੀ ਨੂੰ ਛੱਡਕੇ ਈਸ਼ਵਰੀ ਪੁਰਸ਼ (ਬ੍ਰਹਮ ਗਿਆਨੀ) ਦੀ ਪਦਵੀ ਨੂੰ ਪ੍ਰਾਪਤ ਕਰਾਂਗੇ:—

ਸਾਡੇ ਇੱਕ ਸੱਜਣ ਦਾ ਕੌਲ, ਫੁੱਲਾਂ ਦਾ ਇੱਕ ਸੁੰਦਰ ਸਰੋਵਰ ਹੈ ਇਹ ਉਸਦੀ ਜਾਇਦਾਦ ਵਿੱਚ ਇੱਕ ਛੋਟਾ ਕੁਦਰਤੀ ਸਰੋਵਰ (ਤਲਾ) ਜਾਂ ਹੌਜ਼ ਹੈ, ਅਰ ਉਸ ਵਿਖੇ ਕੁਝ ਦੂਰ ਪਹਾੜ ਦੀ ਕੱਛੀ ਦੇ. ਇੱਕ ਵੱਡੇ ਹੌਜ਼ ਵਿੱਚੋਂ ਏਸ ਪਾਣੀ ਦੇ ਆਉਣ ਵਾਸਤੇ ਇੱਕ ਦਰਵਾਜ਼ਾ ਜਾਂ ਰਸਤਾ ਬਣਿਆਂ ਹੋਇਆ ਹੈ, ਇਹ ਛੋਟਾ ਜਿਹਾ ਧਰਤੀ ਦਾ ਟੁਕੜਾ ਅਤੀ ਹੀ ਸੁੰਦਰ ਹੈ, ਏਥੇ ਗਰਮੀ ਦੀ ਰੁਤ ਵਿਖੇ ਪਾਣੀ ਦੀ ਸਾਫ ਸੁਛ ਤੈਹ ਉਤੇ ਕੌਲ ਫੁਲ ਹੱਛੀ ਤਰਾਂ ਖਿੜੇ ਹੋਏ ਹੁੰਦੇ ਹਨ, ਹਾੜ ਦੇ ਮਹੀਨੇ ਵਿਚ ਗੁਲਾਬ ਦੇ ਫੁਲ ਅਤੇ ਹੋਰ ਸੁਤੇ ਉੱਗਨ ਵਾਲੇ ਫਲ ਬਰਾਬਰ ਉਸਦੇ ਕੰਢਿਆਂ ਤੇ ਖਿੜੇ ਰਹਿੰਦੇ ਹਨ, ਪੰਛੀ ਏਥੇ ਪਾਣੀ ਪੀਂਦੇ ਅਰ ਅਸ਼ਨਾਨ ਕਰਦੇ ਹਨ, ਅਰ ਹਰ ਇਕ ਪੁਰਸ਼ ਸਵੇਰ ਤੋਂ ਸ਼ਾਮ ਤਾਈਂ ਉਨ੍ਹਾਂ ਸੁੰਦ੍ਰ ਅਵਾਜ਼ ਵਾਲੇ ਪੰਛੀਆਂ ਦੀਆਂ ਰਾਗਨੀਆਂ ਸੁਣਕੇ ਪ੍ਰਸੰਨ ਹੁੰਦਾ ਹੈ, ਏਸ ਸੁਤੇ ਫੁਲੀ ਹੋਈ ਫੁਲਵਾੜੀ ਵਿਖੇ ਸ਼ੈਹਦ ਦੀਆਂ ਮੱਖੀਆਂ ਹਰ ਵੇਲੇ ਆਪਣਾਂ ਕਮ ਕਰਦੀਆਂ ਰਹਿੰਦੀਆਂ ਹਨ, ਅਰ ਇਸੇ ਤਲਾਉ ਦੇ ਪਿਛੇ ਜਿਥੋਂ ਤਾਈਂ ਨਜ਼ਰ ਪਹੁੰਚ ਸਕਦੀ ਹੈ, ਇਕ ਸੁੰਦ੍ਰ ਬਗੀਚਾ ਵਖਾਲੀ ਦੇਂਦਾ ਹੈ, ਜਿਸ ਵਿਚ ਭਾਂਤ ਭਾਂਤ ਦੇ ਸੁਤੇ ਉੱਗੇ ਹੋਏ ਫਲ ਫੁਲ ਅਰ ਕਈ ਤਰਾਂ ਦੇ ਘਾਹ ਸ਼ੋਭਾ ਦੇ ਰਹੇ ਹਨ।

ਇਹ ਸਾਡਾ ਮਿਤ੍ਰ ਇਕ ਮਨੁੱਖ ਹੈ, ਮਨੁੱਖ ਹੀ ਨਹੀਂ ਸਗੋਂ ਮਨੁਸ਼ਾਂ ਥੀਂ ਵਧਕੇ ਇਕ ਪ੍ਰਮੇਸ਼ਰ ਦਾ ਪਿਆਰਾ ਸੰਤ ਜਨ ਹੈ ਅਰ ਉਸ ਨੂੰ ਆਪਣੇ ਵਰਗਿਆਂ

ਨਾਲ ਬੜਾ ਪਿਆਰ ਹੈ, ਅਰ ਇਹੀ ਕਾਰਨ ਹੈ ਕਿ ਉਸਦੀ ਜਾਇਦਾਦ ਅਤੇ ਮਲਕੀਅਤ ਦੇ ਦਰਵੱਜੇ ਤੇ ਇਸ ਪ੍ਰਕਾਰ ਦੇ ਅੱਖਰ ਨਹੀਂ ਲਿਖੇ ਹੋਏ ਕਿ "ਇਹ ਮਾਲਕੀ ਸਾਡੀ ਹੈ• ਅਰ ਇਥੇ ਆਉਣ ਦੀ ਕਿਸੇ ਨੂੰ ਆਗਜ਼ਾ ਨਹੀਂ, ਏਥੇ ਆਉਣ ਵਾਲੇ ਫੜੇ ਜਾਨਗੇ"। ਅਰਥਾਤ ਕਿਸੇ ਪੁਰਸ਼ ਨੂੰ ਇਥੇ ਆਉਣ ਦੀ ਮਨਾਹੀ ਜਾਂ ਕਿਸੇ ਪ੍ਰਕਾਰ ਦੀ ਰੋਕ ਟੋਕ ਨਹੀਂ ਹੈ, ਸਗੋਂ ਇਕ ਸੌਂਦ ਪਗਡੰਡੀ ਦੀ ਸਮਾਪਤੀ ਤੇ ਜਿਥੋਂ ਕਿ ਸੁਤੇ ਉਗੇ ਹੋਏ ਜੰਗਲ ਵਿਚ ਥੀਂ ਹੋਕੇ ਇਸ ਮਨ ਨੂੰ ਪ੍ਰਸੰਨ ਕਰਨ ਵਾਲੇ ਟੁਕੜੇ ਤੇ ਪੁਜ ਪੈਂਦੇ ਹਾਂ, ਇਹ ਪਦ ਲਿਖੇ ਹੋਏ ਹਨ:- "ਆਓ ਕੌਲਾਂ ਦੇ ਤਲਾਉ ਤੇ,ਜੀ ਸਦਕੇ ਆਓ" ਸਾਰੇ ਲੋਕੀ ਸਾਡੇ ਸੱਜਨ ਨਾਲ ਪਜਾਰ ਕਰਦੇਹਨ, ਇਸ ਦਾ ਕੀ ਕਾਰਨ ਹੈ ? ਓਹ ਇਸਦੇ ਨਾਲ ਪਿਆਰ ਤੋਂ ਬਿਨਾਂ ਰਹਿ ਹੀ ਨਹੀਂ ਸਕਦੇ। ਉਹ ਆਪ ਉਨ੍ਹਾਂ ਨਾਲ ਬੜਾਹਿਤ ਕਰਦਾਹੈ ਅਰ ਪਜਾਰ ਨਾਲ ਮਿਲਦਾ ਜੁਲਦਾ ਹੈ, ਅਰ ਜੋ ਕੁਝ ਉਸਦੇ ਕੋਲ ਹੈ ਓਹ ਉਨ੍ਹਾਂ ਦਾ ਹੀ ਸਮਝਦਾ ਹੈ। "ਇਕ ਪਿਤਾ ਏਕਸ ਕੇ ਹਮ ਬਾਰਿਕ"।

ਏਥੇ ਵਸ਼ੇਸ਼ ਕਰਕੇ ਬਹੁਤ ਸਾਰੇ ਪ੍ਰਸੰਨ ਚਿਤ ਅਤੇ ਚੰਚਲੇ ਬੱਚੇ ਖੇਡਦੇ ਰਹਿੰਦੇ ਹਨ, ਬਹੁਤ ਵਾਰੀ ਉਦਾਸੀਨ ਥੱਕੇ ਹੁੱਟੇ ਇਸਤ੍ਰੀ ਪੁਰਸ਼ ਏਥੇ ਆਉਂਦੇ ਹਨ ਅਰ ਕੁਝ ਸਮਾਂ ਨਿਵਾਸ ਕਰਕੇ ਆਰਾਮ ਪਾਕੇ ਪਿਛਾਂਹ ਨੂੰ ਜਾਣ ਵੇਲੇ ਉਨ੍ਹਾਂ ਦੇ ਚੇਹਰੇ ਪ੍ਰਸੰਨ ਤੇ ਖਿੜੇ ਹੋਏ ਨਜ਼ਰ ਆਉਂਦੇ ਹਨ. ਮਾਨੋਂ ਉਨ੍ਹਾਂ ਦੀ ਤਕਲੀਫ ਦੂਰ ਹੋ ਗਈ ਹੈ ਅਰ ਉਨ੍ਹਾਂ ਦੇ ਦਿਲਾਂ ਵਿਖੇ ਪ੍ਰਸੰਨਤਾ

ਆ ਗਈ ਹੈ ਅਰ ਏਥੋਂ ਜਾਣ ਲੱਗਿਆਂ ਅਸਾਂ ਕਈ ੨ ਉਨ੍ਹਾਂ ਦੇ ਮੂੰਹੋਂ ਹੌਲੀ ੨ ਇਹ ਨਿਕਲਦਾ ਭੀ ਸੁਣਿਆਂ ਹੈ ਕਿ "ਵਾਹਿਗੁਰੂ ਜੀ ਸਾਡੇ ਏਸ ਭ੍ਰਾਤਾ ਨੂੰ ਸੁਰਗ ਪ੍ਰਦਾਨ ਕਰੇ ਅਰ ਇਸਦਾ ਭਲਾ ਹੋਵੇ" ਬਹੁਤ ਸਾਰੇ ਸੱਜਨ ਉਸ ਧਰਤੀ ਦੇ ਟੁਕੜੇ ਨੂੰ ਈਸ਼੍ਵਰੀ ਬਾਗ ਆਖਦੇ ਹਨ। ਮੇਰੇ ਸੱਜਨ ਨੇ ਉਸਦਾ ਨਾਉਂ "ਆਤਮਕ ਬਾਗ" ਰੱਖ ਛਡਿਆ ਹੈ, ਅਰ ਉਹ ਏਥੇ ਏਕਾਂਤ ਬੈਠ ਕੇ ਬਹੁਤ ੨ ਸਾਰਾ ਚਿਰ ਬਤੀਤ ਕਰ ਦੇਂਦਾ ਹੈ। ਅਸਾਂ ਬਹੁਤ ਵਾਰੀ ਵੇਖਿਆ ਹੈ, ਕਿ ਜਦੋਂ ਹੋਰ ਪੁਰਸ਼ ਚਲੇ ਗਏ ਹਨ ਤਾਂ ਉਹ ਅਕੱਲਾ ਏਧਰ ਓਧਰ ਟੈਹਲਦਾ ਫਿਰਦਾ ਹੈ ਜਾਂ ਨਿਰਮਲ ਚਾਨਣੇ ਵਿਖੇ ਇੱਕ ਪੁਰਾਣੇ ਜਿਹੇ ਗੁਆਰੂ ਬੈਂਚ ਤੇ ਬੈਹ ਕੇ ਸੁਤੇ ਉੱਗੇ ਹੋਏ ਫੁੱਲਾਂ ਦੀ ਸੁਗੰਧੀ ਨੂੰ ਸੁੰਘਦਾ ਰਹਿੰਦਾ ਹੈ। ਇਹ ਪੁਰਸ਼ ਅਤੀ ਹੀ ਸਿੱਧਾ ਸਾਦਾ ਅਰ ਸੁੰਦ੍ਰ ਹੈ, ਏਸਦਾ ਕਥਨ ਹੈ ਕਿ ਏਥ ਏਸ ਵਾਸਤੇ ਜੀਵਨ ਦੀਆਂ ਅਸਲੀ ਨਿਆਮਤਾਂ ਪ੍ਰਾਪਤ ਹੋ ਜਾਂਦੀਆਂ ਹਨ ਅਰ ਉਸਨੂੰ ਵਸ਼ੇਸ਼ ਕਰਕੇ ਵੱਡੀਆਂ ੨ ਅਤੇ ਲਾਭਕਾਰੀ ਤਜਵੀਜ਼ਾਂ ਮਾਨੋਂ ਅਕਾਸ਼ ਬਾਣੀ ਦੁਆਰਾ ਇਕ ਵਾਰ ਹੀ ਸੁੱਝ ਜਾਂਦੀਆਂ ਹਨ।

ਇਸਦੇ ਐਨ ਆਸੇ ਪਾਸੇ ਹਰ ਇਕ ਚੀਜ਼ ਥੀਂ ਪਿਆਰ, ਅਰਾਮ, ਪ੍ਰਸੰਨਤਾ ਅਤੇ ਭਲਿਆਈ ਹੀ ਟਪਕਦੀ ਹੈ, ਅਤੇ ਹੋਰ ਢੋਰ ਡੰਗਰ ਜਦੋਂ ਬਗੀਚੇ ਦੇ ਕੰਢੇ ਦੀ ਪੁਰਾਣੀ ਪੱਥਰ ਵਾਲੀ ਕੰਧ ਦੇ ਕੋਲ ਵਾਰ ਨਜ਼ਰ ਆਉਂਦੇ ਹਨ ਅਰ ਉਸ ਸੁੰਦ੍ਰ ਧਰਤੀ ਦੇ ਟੁਕੜੇ ਵੱਲ ਧਿਆਨ ਮਾਰਦੇ ਹਨ ਤਾਂ ਹੋਰਨਾਂ ਲੋਕਾਂ ਵਾਂਗ

ਅਨੰਦ ਪ੍ਰਾਪਤ ਕਰਦੇ ਹਨ, ਉੱਥੇ ਓਹ ਪ੍ਰਸੰਨਤਾ ਅਤੇ ਅਨੰਦ ਪ੍ਰਾਪਤ ਕਰਕੇ ਮਾਨੋਂ ਹਸ੍ਹੂ ਹਸ੍ਹੂ ਕਰਦੇ ਹੋਏ ਪ੍ਰਸੰਨ ਵਖਾਲੀ ਦੇਂਦੇ ਹਨ। ਜਾਂ ਹੋ ਸਕਦਾ ਹੈ ਕਿ ਵੇਖਨ ਵਾਲੇ ਜਾਂ ਤਮਾਸ਼ਬੀਨ ਨੂੰ ਅਜਿਹਾ ਪ੍ਰਤੀਤ ਹੁੰਦਾ ਹੋਵੇ ਕਿ ਉਹ ਉਨ੍ਹਾਂ ਜਾਨਵਰਾਂ ਵਿਚ ਪ੍ਰਤੱਖ ਹਾਸੀ ਖੁਸ਼ੀ ਦੀਆਂ ਨਸ਼ਾ-ਨੀਆਂ ਵੇਖਕੇ ਅਸਚਰਜ ਕੀਤੇ ਬਿਨਾਂ ਰਹਿ ਨਹੀਂ ਸਕਦੇ।

ਤਲਾਉ ਦਾ ਦਰਵੱਜਾ ਸਦੀਵ ਖੁੱਲ੍ਹਾ ਰਹਿੰਦਾ ਹੈ, ਅਰ ਇਹ ਦਰਵੱਜਾ ਐਨਾਂ ਖੁਲ੍ਹਾ ਹੈ ਕਿ ਉਸ ਦੁਆਰਾ ਉੱਪਰਲੇ ਹੌਜ਼ ਥੀਂ ਇਨੀ ਅਧਕਤਾ ਨਾਲ ਪਾਣੀ ਆਉਂਦਾ ਰਹਿੰਦਾ ਹੈ ਕਿ ਓਹ ਇੱਕ ਨੈਹਰ ਦੇ ਜਾਰੀ ਰੱਖਣ ਲਈ ਬਹੁਤ ਹੀ ਚੋਖਾ ਹੁੰਦਾ ਹੈ, ਇਹ ਨੈਹਰ ਹੇਠ ਵਾਲੀਆਂ ਪੈਲੀਆਂ ਵਿੱਚੋਂ ਦੀ ਵੇਂਹਦੀ ਹੈ ਅਰ ਇਸਤੋਂ ਪਹਾੜ ਦਾ ਖ਼ਾਲਸ ਪਾਣੀ ਉੱਥੇ ਚੁਗਨ ਵਾਲੇ ਢੋਰ ਡੰਗਰਾਂ ਅਤੇ ਭੇਡ ਬੱਕਰੀਆਂ ਨੂੰ ਮਿਲਦਾ ਰਹਿੰਦਾ ਹੈ ਅਰ ਇਹੀ ਨੈਹਰ ਗੁਆਂਢੀਆਂ ਦੇ ਖੇਤਾਂ ਨੂੰ ਭੀ ਹਰਿਆ ਭਰਿਆ ਕਰਦੀ ਹੈ।

ਕੁਝ ਚਿਰ ਪੇਹਲਾਂ ਸਾਡਾ ਮਿੱਤ੍ਰ ਇੱਕ ਸਾਲ ਤਾਈਂ ਗ਼ੈਰ ਹਾਜ਼ਰ ਰਿਹਾ ਅਰ ਆਪਣੀ ਜਾਇ-ਦਾਦ ਆਪਣੀ ਗ਼ੈਰ ਹਾਜ਼ਰੀ ਵਿਚ ਇੱਕ ਹੋਰ ਪੁਰਸ਼ ਨੂੰ ਸੰਭਾਲ ਕਰਨ ਵਾਸਤੇ ਦੇ ਗਿਆ ਸੀ, ਆਖਦੇ ਹਨ ਕਿ ਉਸ ਪੁਰਸ਼ ਦਾ ਸੁਭਾਉ ਅਮਲੀ ਗੱਲਾਂ ਵੱਲ ਬਹੁਤ ਲੱਗਾ ਹੋਇਆ ਸੀ ਅਰ ਇਹ ਆਪਣਾ ਸਮਾਂ ਅਮਲੀ ਅਤੇ ਪ੍ਰਤੱਖ ਲਾਭ ਤੋਂ ਛੁੱਟ ਹੋਰ ਕਿਸੇ ਵਿਹਾਰ ਵਿਖੇ ਖਰਚ ਕਰਨਾ ਨਹੀਂ ਚਾਹੁੰਦਾ ਸੀ, ਜਿਹਾ ਕਿ ਜਿਸ

ਮਾਰਗ ਥੀਂ ਹੌਜ਼ ਦਾ ਪਾਣੀ ਤਲਾਉ ਵਿਚ ਆਉਂਦਾ ਸੀ ਉਹ ਰਸਤਾ ਬੰਦ ਕਰ ਦਿੱਤਾ ਗਿਆ, ਅਰ ਹੁਣ ਇਹ ਬਲੌਰ ਵਰਗਾ ਨਰੋਲ ਸਾਫ ਪਹਾੜ ਦਾ ਪਾਣੀ ਵੇਹ ਕੇ ਹੋਰ ਕਿਧਰੇ ਨਹੀਂ ਜਾਂਦਾ ਸੀ। ਸਾਡੇ ਮਿੱਤ੍ਰ ਨੇ ਜੋ ਇਹ ਤਖ਼ਤੀ ਲਿਖਕੇ ਲਾ ਰੱਖੀ ਸੀ ਕਿ ਹਰ ਇਕ ਪੁਰਸ਼ ਨੂੰ ਇਸ ਤਲਾ ਤੇ ਆਉਣ ਦੀ ਆਗਯਾ ਹੈ ਹਟਾ ਦਿੱਤੀ ਗਈ ਅਰ ਹੁਣ ਪ੍ਰਸੰਨ ਸੁਭਾਉ ਬੱਚੇ, ਇਸਤ੍ਰੀਆਂ ਪੁਰਸ਼ ਤਲਾਉ ਦੇ ਕੋਲ ਵਾਰ ਨਜ਼ਰ ਨਹੀਂ ਆਉਂਦੇ ਸਨ, ਹਰ ਇਕ ਚੀਜ਼ ਵਿਖੇ ਬਹੁਤ ਕੁਝ ਅਦਲਾ ਬਦਲੀ ਹੋ ਗਈ ਹੈ। ਉਸ ਜੀਵਨ ਦਾਤਾਂ ਪਾਣੀ ਦੇ ਨਾਂ ਹੋਣ ਕਰਕੇ ਤਲਾਉ ਦੇ ਫੁੱਲ ਭੀ ਕੁਮਲਾ ਗਏ, ਅਰ ਉਨ੍ਹਾਂ ਦੀਆਂ ਲੰਮੀਆਂ ਡੰਡੀਆਂ ਡਿਗਕੇ ਚਿੱਕੜ ਦੇ ਹਿਠਾਂਹਾਂ ਆਕੇ ਦੱਬੀਆਂ ਗਈਆਂ, ਜੋ ਮੱਛੀਆਂ ਪੈਹਲਾਂ ਉਸਦੇ ਸਾਫ ਪਾਣੀ ਵਿਖੇ ਤਰਦੀਆਂ ਫਿਰਦੀਆਂ ਸਨ ਹੁਣ ਮੁਰਦਾ ਹੋ ਗਈਆਂ, ਅਰ ਕੋਲ ਆਉਣ ਵਾਲਿਆਂ ਨੂੰ ਉਨ੍ਹਾਂ ਦੀ ਦੁਰਗੰਧੀ ਅਤੇ ਸੜ੍ਹਾਂਦ ਆਉਂਦੀ ਸੀ। ਹੁਣ ਨਾਂ ਏਸ ਤਲਾ ਦੇ ਕੰਢਿਆਂ ਤੇ ਫੁੱਲ ਖਿੜਦੇ ਸਨ, ਅਰ ਨਾਂ ਪੰਛੀ ਉਸਦਾ ਪਾਣੀ ਪੀਂਦੇ, ਅਰ ਨਾਂ ਪੁਰਸ਼ ਉਸ ਵਿਖੇ ਅਸ਼ਨਾਨ ਕਰਨ ਲਈ ਆਉਂਦੇ ਸਨ, ਅਰ ਨਾਂ ਉਹ ਮਧੁ ਮੱਖੀਆਂ ਦੀ ਭਿਨ ਭਿਨਾਹਟ ਸੁਣਾਈ ਦੇਂਦੀ ਸੀ, ਅਰ ਜੋ ਕੁਦਰਤੀ ਨੈਹਰ ਹੇਠਲੇ ਖੇਤਾਂ ਵਿਚ ਵੈਂਹਦੀ ਸੀ ਹੁਣ ਸੁੱਕ ਗਈ, ਅਰ ਵਿਚਾਰੇ ਢੋਰ ਡੰਗਰਾਂ ਅਤੇ ਭੇਡ ਬੱਕਰੀਆਂ ਨੂੰ ਪਹਾੜ ਦਾ ਸਾਫ ਪਾਣੀ ਨਹੀਂ ਮਿਲਦਾ ਸੀ।

ਸਾਡਾ ਮਿੱਤ੍ਰ ਇਸ ਧਰਤੀ ਦੇ ਟੁਕੜੇ ਅਤੇ ਕੌਲ ਫੁੱਲਾਂ ਦੇ ਤਲਾਉ ਵਲੋਂ ਬੜਾ ਧਿਆਨ ਦਿੱਤਾ ਕਰਦਾ ਸੀ, ਹੁਣ ਜੋ ਉਨ੍ਹਾਂ ਵਿਖੇ ਫਰਕ ਪਿਆ ਹੈ ਉਸਦਾ ਕਾਰਨ ਪ੍ਰਤੱਖ ਏਹੀ ਪ੍ਰਤੀਤ ਹੁੰਦਾ ਹੈ ਕਿ ਤਲਾ ਵਿਚ ਹੌਜ਼ ਤੋਂ ਪਾਣੀ ਆਉਣ ਦਾ ਰਸਤਾ ਬੰਦ ਕੀਤਾ ਗਿਆ, ਅਰ ਇਸ ਤਲਾਵ ਦੇ ਜੀਵਨ ਦਾ ਸੋਮਾ ਬੰਦ ਹੋ ਗਿਆ, ਜਿਸ ਕਰਕੇ ਕੌਲ ਫੁੱਲਾਂ ਦੇ ਤਲਾਉ ਦੀ ਸੂਰਤ ਹੀ ਨਹੀਂ ਬਦਲੀ ਸਗੋਂ ਆਸ ਪਾਸ ਦੇ ਖੇਤਾਂ ਵਿਚ ਭੀ ਪਾਣੀ ਦੀ ਨੈਹਰ ਜਾਣੀ ਬੰਦ ਹੋ ਗਈ, ਜਿਸਦੇ ਕੰਢੇ ਢੋਰ ਡੰਗਰ ਅਤੇ ਭੇਡਾਂ, ਬੱਕਰੀਆਂ ਦੇ ਝੁੰਡ ਪਾਣੀ ਪੀਣ ਵਾਸਤੇ ਆਇਆ ਕਰਦੇ ਸਨ।

ਕੀ ਇਹ ਉਦਾਹਰਣ ਹੂਬਹੂ ਮਨੁੱਸ਼ ਜੀਵਨ ਤੇ ਨਹੀਂ ਘਟ ਸਕਦੀ ? ਜਿੰਨਾ ਅਸੀ ਉਸ ਅਪਾਰ ਅਤੇ ਅਥਾਹ ਪ੍ਰਮਾਤਮਾਂ ਨਾਲ ਜੋ ਸਾਰੇ ਸੰਸਾਰ ਦਾ ਆਸਰਾ ਰੂਪ ਹੈ ਆਪਣਾ ਸੰਬੰਧ ਅਤੇ ਏਕਤਾ (ਅਭੇਦਤਾਈ) ਮਲੂਮ ਕਰਾਂਗੇ ਅਰ ਜਿੰਨਾ ਅਸੀ ਏਸ ਈਸ਼੍ਵਰੀ ਰੌ ਨੂੰ ਆਪਣੇ ਅੰਦਰ ਪ੍ਰਵਿਰਤ ਹੋਣ ਦਿਆਂਗੇ, ਉੱਨਾਂ ਹੀ ਅਸੀ ਥਾਓਂ ਥਾਈਂ ਅਤਯੰਤ ਉੱਤਮ ਅਤਯੰਤ ਬਲਵਾਨ ਅਰ ਅਤਿ ਹੀ ਸੁੱਧ ਆਤਮਾਂ ਨਾਲ ਪਿਆਰ ਤੇ ਪ੍ਰੇਮ ਪ੍ਰਗਟ ਕਰਾਂਗੇ, ਅਰ ਜਿੰਨੇ ਸਾਡੇ ਅੰਦਰ ਇਹ ਉੱਤਮ ਸੋਤ ਆਉਣਗੇ ਉੱਨੇ ਹੀ ਸਾਡੇ ਵਿੱਚੋਂ ਨਿਕਲਕੇ ਹੋਰਨਾਂ ਵੱਲ ਜਾਣਗੇ, ਏਥੋਂ ਤਾਈਂ ਕਿ ਜੋ ਪੁਰਸ਼ ਸਾਡੇ ਨਾਲ ਮਿਲਨਗੇ ਸਾਡੇ ਮਿਲਾਪ ਅਤੇ

ਮਿੱਤ੍ਰਤਾ ਥੀਂ ਸਾਡੀ ਸਮ ਖਜ਼ਾਨੀ ਤੇ ਏਕਤਾ ਦਾ ਲਾਭ ਉਠਾਨਗੇ। ਇਹ ਸਾਡੇ ਮਿੱਤ੍ਰ ਦਾ ਕੌਲ ਫੁੱਲਾਂ ਦਾ ਤਲਾਉ ਹੈ, ਇਹ ਅਜਿਹਾ ਪੁਰਸ਼ ਹੈ ਜੋ ਏਸ ਸੰਸਾਰ ਵਿਖੇ ਪੂਰਨ ਅਤੇ ਸਰਬੋਤਮ ਪਦਾਰਥ ਨਾਲ ਪਿਆਰ ਰੱਖਦਾ ਹੈ, ਅਰ ਜਿੰਨਾ ਅਸੀ ਅਪਾਰ ਆਤਮਾਂ ਅਰ ਅਥਾਹ ਭੰਡਾਰੇ ਨਾਲ ਆਪਣੇ ਸੰਬੰਧ ਦਾ ਪਤਾ ਲੈਣ ਥੀਂ ਵਾਂਜੇ ਰਹਾਂਗੇ ਅਰ ਏਸ ਕਰਕੇ ਏਸ ਈਸ਼੍ਵਰੀ ਪ੍ਰਕਾਸ਼ ਨੂੰ ਆਪਣੇ ਅੰਦਰ ਆਉਣ ਤੋਂ ਰੋਕਾਂਗੇ ਓਨਾਂ ਹੀ ਸਾਡੀ ਹਾਲਤ ਅਜੇਹੀ ਹੋ ਜਾਇਗੀ ਕਿ ਉੱਥੇ ਕਿਸੇ ਤਰਾਂ ਦੀ ਵਡਿਆਈ ਸੁੰਦਰਤਾ ਜਾਂ ਸੈਭਨੀਕ ਤਾਕਤ ਨਜ਼ਰ ਨਾਂ ਆਵੇਗੀ, ਏਸ ਤੇ ਜੋ ਪੁਰਸ਼ ਸਾਡੇ ਕੋਲ ਅਜੇਹੀ ਹਾਲਤ ਵਿਚ ਆਉਣਗੇ ਓਹਨਾਂ ਨੂੰ ਲਾਭ ਤਾਂ ਕਿਧਰੇ ਸਗੋਂ ਨੁਕਸਾਨ ਪਹੁੰਚੇਗਾ। ਇਹ ਕੌਲ ਫੁਲਾਂ ਦੇ ਤਲਾਉ ਦਾ ਓਹ ਖੱਤਾ ਹੈ ਜਦੋਂ ਕਿ ਇਹ ਇੱਕ ਕਰਾਏਦਾਰ ਗਾਹਕ ਦੇ ਕਬਜ਼ੇ ਵਿਚ ਸੀ।

ਕੌਲਾਂ ਦੇ ਤਲਾ ਅਰ ਸਾਡੇ ਤੁਹਾਡੇ ਜੀਵਨ ਵਿਚ ਇੱਕ ਇਹ ਫਰਕ ਹੈ, ਤਲਾਉ ਵਿਚ ਏਨਾਂ ਬਲ ਨਹੀਂ ਕਿ ਓਹ ਆਪ ਦਰਵਜੇ ਨੂੰ ਖੋਲ੍ਹ ਦੇਵੇ ਅਰ ਹੋੜ ਵਿਚ ਆਪਣੇ ਅੰਦਰ ਪਾਣੀ ਆਉਣ ਦੇਵੇ, ਏਸ ਗੱਲ ਵਿਚ ਓਹ ਬੇਵਸਾ ਹੈ ਅਰ ਬਾਹਰਲੀ ਸਹਾਇਤਾ ਦਾ ਮੁਥਾਜ ਹੈ, ਪਰ ਸਾਡੇ ਵਿਚ ਅਰ ਤੁਹਾਡੇ ਵਿਚ ਇਕ ਅੰਦਰਲੀ ਤਾਕਤ ਮੌਜੂਦ ਹੈ ਜਿਸ ਦੁਆਰਾ ਅਸੀ ਆਪਣੀ ਮਰਜ਼ੀ ਦੇ ਅਨੁਸਾਰ ਉਸ ਈਸ਼੍ਵਰੀ ਰੌ ਨੂੰ ਅਪਣੇ ਅੰਦਰ ਆਉਣ ਦੇਈਏ ਜਾਂ ਆਉਣ ਤੋਂ ਰੋਕ ਦੇਈਏ। ਇਹ

ਅਖਤਿਆਰ ਸਾਨੂੰ ਅੰਤਸ਼ਕਰਣ ਦੀ ਤਾਕਤ ਜਾਂ ਖਿਆਲ ਦੇ ਅਮਲ ਦੁਆਰਾ ਪ੍ਰਾਪਤ ਹੈ।

ਆਤਮਕ ਜੀਵਨ ਸਾਨੂੰ ਸਿੱਧਾ ਈਸ਼ਵਰ ਪ੍ਰਮਾਤਮਾਂ ਕੋਲੋਂ ਪ੍ਰਾਪਤ ਹੋਇਆ ਹੈ, ਇਸ ਦੁਆਰਾ ਅਸੀ ਅਪਾਰ ਅਥਾਹ ਪ੍ਰਮਾਤਮਾਂ ਨਾਲ ਸੰਬੰਧਤ ਹਾਂ। ਫੇਰ ਸ੍ਰੀਰਕ ਜੀਵਨ ਭੀ ਹੈ, ਇਸ ਦੁਆਰਾ ਅਸੀ ਆਪਣੇ ਆਲੇ ਦੁਆਲੇ ਦੀਆਂ ਮਾਦਇਕ ਚੀਜ਼ਾਂ ਅਤੇ ਸ੍ਰਿਸ਼ਟੀ ਨਾਲ ਸੰਬੰਧ ਰੱਖਦੇ ਹਾਂ,ਸੰਕਲਪਕ ਜੀਵਨ ਇਕ ਨੂੰ ਦੂਜੇ ਨਾਲ ਮਿਲਾ ਦੇਂਦਾ ਹੈ,ਏਹੀ ਏਨ੍ਹਾਂ ਦੁਹਾਂ ਦੇ ਵਿਚਕਾਰ ਚੇਸ਼ਟਾ ਕਰਦਾ ਅਰ ਅਸਚਰਜਤਾ ਵਖਾਂਦਾ ਰਹਿੰਦਾ ਹੈ।

ਹੋਰ ਬਹੁਤ ਕੁਝ ਵਰਨਨ ਕਰਨ ਤੋਂ ਪਹਿਲਾਂ ਸਾਨੂੰ ਖਿਆਲ ਦੀ ਅਸਲੀਅਤ ਤੇ ਸੰਖਿਪਤ ਵਿਚਾਰ ਕਰਨਾਂ ਅਤੀ ਜ਼ਰੂਰੀ ਹੈ! ਖਿਆਲ ਕੇਵਲ ਇੱਕ ਗੈਰ ਮੁਕੱਰਰਾ ਦ੍ਰਿਸ਼ਜਮਾਨ ਜਾਂ ਏਸੇ ਦੀ ਕੋਈ ਹੋਰ ਚੀਜ਼ ਨਹੀਂ ਹੈ ਜੇਹੀ ਕਿ ਕਈ ਵਾਰੀ ਖਿਆਲ ਕੀਤੀ ਗਈ ਹੈ, ਉਲਟ ਏਸ ਦੇ ਖਿਆਲ ਇਕ ਅਸਲੀ ਜੀਊਂਦੀ ਜਾਗਦੀ ਜੀਵਤ ਸੂਖਮ ਸ਼ਕਤੀ ਹੈ ਜੋ ਏਸ ਸ੍ਰਿਸ਼ਟੀ ਵਿਖੇ ਬੜੀ ਹੀ ਛੇਤੀ ਅਸਰ ਕਰਨ ਵਾਲੀ ਅਰ ਜਾਨ ਬਖਸ਼ਨ ਵਾਲੀ ਤੇਜ਼ ਫੈਹਮ ਅਰ ਜਲਦੀ ਪਹੁੰਚਨ ਵਾਲੀ ਅਰ ਕਿਸੇ ਦੇ ਅਧੀਨ ਨਾਂ ਆਉਣ ਵਾਲੀ ਸ਼ੈ ਹੈ।

ਅਸੀ ਆਪਣੀ ਰਸਾਇਣ ਵਿੱਦਯਾ ਦੇ ਕਾਰਖਾਨਿਆਂ ਵਿੱਚ ਭਿੰਨ ਭਿੰਨ ਪ੍ਰਕਾਰ ਦੀਆਂ ਪ੍ਰੀਖਿਆਂ ਤੋਂ ਇਹ ਵੱਡੀ ਅਸਲੀਅਤ ਸਿੱਧ ਕਰ ਰਹੇ ਹਾਂ ਕਿ ਖਿਆਲ ਇੱਕ ਤਾਕਤਾਂ ਹਨ, ਓਹਨਾਂ ਅਰਥਾਤ ਖਿਆਲਾਂ ਵਿੱਚ

ਸੂਰਤ ਅਤੇ ਸਿਫਤ, ਮਾਦਾ ਅਤੇ ਤਾਕਤ ਹੁੰਦੀ ਹੈ, ਅਰ ਅਸੀ ਇਹ ਗੱਲ ਮਲਮ ਕਰਨ ਲੱਗੇ ਹਾਂ ਕਿ ਇਹ ਇੱਕ ਅਜੇਹੀ ਸ਼ੈ ਹੈ ਜਿਸਨੂੰ ਅਸੀ "ਸਾਇੰਸ ਔਫ ਥੌਟ" ਅਰਥਾਤ ਖਿਆਲ ਦੀ ਵਿੱਦਯਾ ਜਾਂ ਖਿਆਲ ਆਖ ਸਕਦੇ ਹਾਂ, ਅਰ ਅਸੀ ਇਹ ਭੀ ਮਲੂਮ ਕਰਨ ਲੱਗੇ ਹਾਂ ਕਿ ਸਾਡੇ ਅੰਦਰ ਆਪਣੇ ਖਿਆਲ ਖਿਆਲਾਂ ਦੀ ਸ਼ਕਤੀ ਦੁਆਰਾ ਹਰ ਇੱਕ ਜੀਜ਼ ਦੇ ਪੈਦਾ ਕਰਨ ਦੀ ਸ਼ਕਤੀ ਪ੍ਰਾਪਤ ਹੈ, ਇਹ ਸ਼ਕਤੀ ਅਸਲੀ ਹੈ, ਕੋਈ ਬਨਾਵਟੀ ਨਹੀਂ ਹੈ।

ਸਾਡੇ ਆਲੇ ਦੁਆਲੇ ਦੀ ਮਾਇਕ ਸ੍ਰਿਸ਼ਟੀ ਵਿਖੇ ਹਰ ਇੱਕ ਚੀਜ਼ ਜਾਂ ਉਹ ਹੱਦ ਇੱਕ ਸ਼ੈ ਜੋ ਕਦੀ ਇਸ ਸ੍ਰਿਸ਼ਟੀ ਵਿੱਚ ਮਲੂਮ ਹੋਈ ਹੈ ਪਹਿਲਾਂ ਉਸਦੀ ਹੋਂਦ ਖਿਆਲ ਵਿੱਚ ਹੀ ਪੈਦਾ ਹੋਈ ਹੈ ਅਰ ਇਸਥੋਂ ਹੀ ਉਸਦੀ ਸ਼ਕਲ ਬਣੀ ਹੈ। ਯਥਾ: ਕੀ ਕਿਲਾ ਕੀ ਬੁਤ, ਕੀ ਤਸਵੀਰ, ਤੇ ਕੀ ਕਲਾ ਕੌਸਲ ਆਦ, ਹਰ ਇਕ ਚੀਜ਼ ਮਾਇਕ ਸ਼ਕਲ ਗ੍ਰਹਣ ਕਰਨ ਤੋਂ ਪੈਹਲਾਂ ਬਨਾਣ ਵਾਲੇ ਦੇ ਖਿਆਲ ਅੰਦਰ ਫੁਰੀ ਅਰ ਫੇਰ ਉਸਦੀ ਸ਼ਕਲ ਅਰਥਾਤ ਚਿਹਨ ਚੱਕਰ ਬਣੇ, ਖਾਸ ਸੰਸਾਰ ਹੀ ਜਿਸ ਵਿਚ ਅਸੀ ਰਹਿੰਦੇ ਹਾਂ ਉਸ ਅਕਾਲ ਪੁਰਖ ਪ੍ਰਮਾਤਮਾਂ ਜੋ ਸਭਨਾਂ ਦਾ ਅਧਾਰੰ ਭੂਤ ਹੈ ਉਸ ਦੇ ਖਿਆਲ ਦਾ ਹੀ ਸਿੱਟਾ ਜਾਂ ਭਾਵ ਹੈ, ਅਰ ਜੇ ਇਹ ਸੱਚ ਹੈ ਜਿਹਾ ਕਿ ਅਸਾਂ ਮਲੂਮ ਕੀਤਾ ਹੈ ਕਿ ਅਸੀ ਅਤੇ ਉਹ ਅਕਾਲ ਪੁਰਖ ਪ੍ਰਮਾਤਮਾਂ ਅਸਲ ਵਿਚ ਇਕ ਹੀ ਹਾਂ, ਅਰ ਸਾਡੇ ਅਰ ਅਕਾਲ ਪੁਰਖ

ਦੇ ਜੀਵਨ ਵਿਖੇ ਪੂਰਨ ਮਿਲਾਪ ਹੈ, ਤਾਂ ਕੀ ਅਸੀ ਏਸਤੋਂ ਇਹ ਮੁਲੂਮ ਨਹੀਂ ਕਰ ਸਕਦੇ ਕਿ ਜਿੰਨਾਂ ਅਸੀ ਉਸ ਵਡੀ ਅਸਲੀਅਤ ਨੂੰ ਹਛੀ ਤਰਾਂ ਸਮਝਾਂਗੇ ਉੱਨਾਂ ਸਾਡੇ ਅੰਦਰ ਭੀ ਆਪਣੀ ਅੰਤ੍ਰੀਵ ਆਤਮਕ ਖਿਆਲਾਂ ਦੀਆਂ ਸ਼ਕਤੀਆਂ ਦੇ ਅਮਲ ਦੁਆਰਾ ਇਹ ਪੈਦਾ ਕਰਨ ਦੀ ਸ਼ਕਤੀ ਪ੍ਰਾਪਤ ਹੋਵੇਗੀ।

ਹਰ ਇਕ ਚੀਜ਼ ਪਹਿਲੇ ਏਸ ਅੰਦ੍ਰਿਸ਼ਜ ਰੂਪੀ ਸੰਸਾਰ ਵਿਚ ਮੌਜੂਦ ਹੁੰਦੀ ਹੈ ਅਰ ਉਪਰੰਤ ਦ੍ਰਿਸ਼ਜ ਸਰੂਪ ਵਿਖੇ ਪ੍ਰਗਟ ਹੁੰਦੀ ਹੈ,ਅਰ ਏਨ੍ਹਾਂ ਅਰਥਾਂ ਵਿਚ ਇਹ ਗੱਲ ਸੱਚ ਹੈ ਕਿ ਅਦ੍ਰਿਸ਼ ਚੀਜਾਂ ਅਸਲੀ ਹਨ, ਅਰ ਜੋ ਚੀਜ਼ਾਂ ਦ੍ਰਿਸ਼ਜ ਹਨ ਉਹ ਨਕਲੀ ਜਾਂ ਓਪਰੀਆਂ ਹਨ। ਅਸਲੀ ਚੀਜ਼ਾਂ ਕਾਰਨ ਹਨ ਅਰ ਗ਼ੈਰ ਅਸਲੀ ਕਾਰਜ ਹਨ,ਅਰ ਅਦ੍ਰਿਸ਼ਜ ਚੀਜ਼ਾਂ ਅਸਲੀ ਤੇ ਅਟਲ ਰਹਨ ਵਾਲੀਆਂ ਇਕ ਰਸ ਹਨ, ਅਰ ਦ੍ਰਿਸ਼ਜ ਚੀਜ਼ਾਂ ਅਨਿਸਥਿਰ ਅਤੇ ਅਦਲ ਬਦਲ ਹੋਨ ਵਾਲੀਆਂ ਹਨ।

ਸ਼ਬਦ ਸ਼ਕਤੀ ਇਕ ਵਿੱਦਜਕ ਸਚਾਈ ਹੈ,ਅਸੀ ਆਪਣੇ ਖਿਆਲ ਦੀਆਂ ਤਾਕਤਾਂ ਦੇ ਅਮਲ ਦੁਆਰਾ ਰਚਨ ਹਾਰੀ ਸ਼ਕਤੀ ਰਖਦੇ ਹਾਂ, ਸ਼ਬਦ ਜਾਂ ਬਾਣੀ ਉਨ੍ਹਾਂ ਅੰਤ੍ਰੀਵ ਸ਼ਕਤੀਆਂ ਦੇ ਅਮਲ ਦਾ ਕੇਵਲ ਬਾਹਰੀ ਪ੍ਰਕਾਸ਼ ਹੈ। ਏਸ ਵਾਸਤੇ ਬਾਣੀ ਜੋ ਮੂਹੋਂ ਨਿਕਲਦੀ ਹੈ ਮਾਨੋਂ ਇਕ ਵਸੀਲਾ ਹੈ ਜਿਸਤੋਂ ਖਿਆਲ ਦੀਆਂ ਸ਼ਕਤੀਆਂ ਕਿਸੇ ਖਾਸ ਪਾਸੇ ਵਲ ਗੱਡੀਆਂ ਹੋਈਆਂ ਹੁੰਦੀਆਂ ਹਨ, ਅਰ ਆਗੂ ਹੁੰਦੀਆਂ ਹਨ, ਅਰਥਾਤ

ਕਿਸੇ ਖਾਸ ਗੱਲ ਤੇ ਜੰਮ ਕੇ ਧਿਆਨ ਕਰਦੀਆਂ ਹਨ, ਅਰ ਉਸ ਵਲ ਆਪਣੇ ਆਪ ਨੂੰ ਲਾਂਦੀਆਂ ਹਨ, ਅਰ ਇਸ ਤਰਾਂ ਖਿਆਲ ਦੀਆਂ ਤਾਕਤਾਂ ਨੂੰ ਇਕ ਟਕ ਕਰਨਾਂ ਅਰ ਉਨ੍ਹਾਂ ਨੂੰ ਇਕ ਪਾਸੇ ਲਾਣਾ ਜ਼ਰੂਰੀ ਹੈ, ਇਸਤੋਂ ਪੈਹਲਾਂ ਕਿ ਉਨ੍ਹਾਂ ਦੀ ਤਾਕਤ ਕਿਸੇ ਬਾਹਰ ਜਾਂ ਮਾਇਕ ਸ਼ਕਲ ਵਿਚ ਪ੍ਰਤੱਖ ਤੌਰ ਤੇ ਪ੍ਰਗਟ ਹੋਵੇ।

ਹਵਾਈ ਕਿਲੇ ਬਨਾਨੇ ਜਾਂ ਖਿਆਲੀ ਪੁਲਾਉ ਪਕਾਣੇ ਇਨਾਂ ਦੀ ਬਾਬਤ ਕੁਝ ਆਖਿਆ ਗਿਆ ਹੈ ਅਰ ਜੋ ਪੁਰਸ਼ ਇਸ ਤਰਾਂ ਦੀ ਇਮਾਰਤ ਬਨਾਂਦਾ ਜਾਂ ਇਸ ਤਰਾਂ ਦੇ ਖਿਆਲੀ ਪੁਲਾਉ ਪਕਾਂਦਾ ਰਹਿੰਦਾ ਹੈ ਉਸਨੂੰ ਲੋਕ ਹਛਾ ਨਹੀਂ ਸਮਝਦੇ, ਪਰ ਰਹਣ ਵਾਸਤੇ ਧਰਤੀ ਤੇ ਇਮਾਰਤਾਂ ਬਨਾਵਨ ਤੋਂ ਪੈਹਲਾਂ ਜਾਂ ਖਾਨ ਵਾਸਤੇ ਪ੍ਰਤੱਖ ਪੁਲਾ ਪਕਾਨ ਦੀ ਜੁਗਤੀ ਸੋਚ ਲੈਣੀ ਸਦੀਵ ਜ਼ਰੂਰੀ ਹੈ, ਜੋ ਪੁਰਸ਼ ਹਵਾ ਵਿਖੇ ਕਿਲੇ ਬਨਾਣ ਜਾਂ ਖਿਆਲੀ ਪੁਲਾ ਪਕਾਣ ਦਾ ਆਦੀ ਹੈ ਉਸਨੂੰ ਇਹ ਤਕਲੀਫ ਨਹੀਂ ਹੁੰਦੀ ਕਿ ਉਨ੍ਹਾਂ ਕਿਲਿਆਂ ਨੂੰ ਪੈਹਲਾਂ ਹਵਾ ਵਿਚ ਬਨਾਣਾਂ ਪੈਂਦਾ ਹੈ ਜਾਂ ਪੁਲਾਉ ਬਨਾਨ ਦੀ ਜੁਗਤੀ ਪੈਹਲਾਂ ਖਿਆਲ ਦੇ ਅੰਦਰ ਸੋਚਨੀ ਪੈਂਦੀ ਹੈ ਸਗੋਂ ਤਕਲੀਫ ਇਹ ਹੈ ਕਿ ਉਹ ਏਥੇ ਹੀ ਬਸ ਕਰ ਜਾਂਦਾ ਤੇ ਅੱਗੇ ਨਹੀਂ ਚਲਦਾ ਅਰ ਏਹਨਾਂ ਹਵਾਈ ਕਿਲਿਆਂ ਜਾਂ ਖਿਆਲੀ ਪੁਲਾਵਾਂ ਨੂੰ ਮਾਇਕ ਸੂਰਤ ਵਿਚ ਲਿਆਕੇ ਨਹੀਂ ਵੇਖਦਾ ਅਰਥਾਤ ਆਪਣੇ ਖਿਆਲਾਂ ਨੂੰ ਅਮਲੀ ਤੌਰ ਤੇ ਆਪਣੇ ਜੀਵਨ ਅਤੇ ਚਾਲ ਚਲਨ ਤੇ ਨਹੀਂ ਵਰਤਦਾ, ਓਹ ਉਸ ਕੰਮ ਦਾ

ਕੇਵਲ ਇਕ ਹਿੱਸਾ ਬਨਾਂਦਾ ਹੈ ਜੋ ਬਹੁਤ ਹੀ ਜ਼ਰੂਰੀ ਹਿੱਸਾ ਹੈ, ਪਰ ਦੂਜਾ ਹਿੱਸਾ ਜੋ ਏਨਾਂ ਜ਼ਰੂਰੀ ਹੈ ਉਸਨੂੰ ਅਧੂਰਾ ਰਹਣ ਦੇਂਦਾ ਹੈ।

ਖਿਆਲ ਦੀਆਂ ਤਾਕਤਾਂ ਦੇ ਸੰਬੰਧ ਵਿਖੇ ਬੁੱਧੀ ਜਾਂ ਮਨ ਦੀ ਖਿੱਚ ਕਰਨ ਵਾਲੀ ਸ਼ਕਤੀ ਹੈ ਅਰ ਏਥੇ ਭੀ ਖਿੱਚ ਦਾ ਕਨੂੰਨ ਹੀ ਅਮਲ ਕਰਦਾ ਰਹਿੰਦਾ ਹੈ, ਅਰਥਾਤ ਇਹ ਕਿ ਇਕ ਹੀ ਜਿਨਸ ਦੀਆਂ ਚੀਜ਼ਾਂ ਆਪੋ ਵਿਚ ਖਿੱਚ ਕਰਦੀਆਂ ਹਨ, ਏਸ ਵਾਸਤੇ ਅਸੀ ਜੀਵਨ ਦੇ ਅਦ੍ਰਿਸ਼ਟ ਜਾਂ ਦ੍ਰਿਸ਼ਟ ਪਾਸਿਆਂ ਵਲੋਂ ਕੇਵਲ ਉਨ੍ਹਾਂ ਤਾਕਤਾਂ ਅਤੇ ਸੂਰਤਾਂ ਨੂੰ ਆਪਣੇ ਵਲ ਉੱਤੋ ਜ਼ੁਤੀ ਖਿੱਚਦੇ ਰਹਿੰਦੇ ਹਾਂ ਜੋ ਵਿਸ਼ੇਸ਼ ਕਰਕੇ ਸਾਡੇ ਹੀ ਖਿਆਲਾਂ ਨਾਲ ਲਗਾਉ ਰੱਖਦੀਆਂ ਹਨ। ਇਹ ਕਨੂੰਨ ਬਰਾਬਰ ਆਪਣਾ ਅਮਲ ਕਰਦਾ ਰਹਿੰਦਾ ਹੈ, ਚਾਹੇ ਅਸੀ ਉਸਨੂੰ ਜਾਣੀਏਂ ਜਾਂ ਨਾਂ ਜਾਣੀਏਂ, ਭਾਵੇਂ ਅਸੀ ਖਿਆਲ ਦੇ ਇਕ ਵੱਡੇ ਭਾਰੇ ਸਮੁੰਦ੍ਰ ਵਿਖੇ ਜੀਵਨ ਬਤੀਤ ਕਰ ਰਹੇ ਹਾਂ ਅਰ ਸਾਡੇ ਆਸ ਪਾਸ ਦੀ ਹਵਾ ਵਿਖੇ ਉੱਤੋ ਜ਼ੁਤੀ ਓਹ ਖਿਆਲਾਂ ਦੀਆਂ ਸ਼ਕਤੀਆਂ ਭਰਪੂਰ ਹੋਈਆਂ ਹਨ ਜੋ ਲੈਹਰਾਂ ਦੀ ਸ਼ਕਲ ਵਿਚ ਉਠਦੀਆਂ ਰਹਿੰਦੀਆਂ ਹਨ ਅਰ ਏਧਰ ਉਧਰ ਫਿਰਦੀਆਂ ਰਹਿੰਦੀਆਂ ਹਨ, ਇਨ੍ਹਾਂ ਖਿਆਲ ਦੀਆਂ ਸ਼ਕਤੀਆਂ ਦਾ ਅਸਰ ਘਟ ਵਧ ਅਸਾਂ ਸਾਰਿਆਂ ਉੱਤੇ ਹੁੰਦਾ ਹੈ, ਚਾਹੇ ਅਸੀ ਓਹਨਾਂ ਨੂੰ ਅਨਭਵ ਕਰੀਏ ਚਾਹੇ ਨਾਂ ਕਰੀਏ ਅਰ ਏਸ ਅਸਰ ਦੀ ਮਿਕਦਾਰ ਸਾਡੇ ਸ਼ੀਘਰ ਅਨਭਵ ਕਰਨ ਵਾਲੇ ਹੋਣ ਤੇ ਨਿਰਭਰ ਹੈ, ਅਰਥਾਤ ਜਿਨਾ ਕਿ ਅਸੀ ਨੇਸ਼ਤੀ ਮਾਰੇ ਹੁੰਦੇ ਹਾਂ

ਓਨਾਂ ਹੀ ਇਸ ਸੂਰਤ ਵਿਚ ਬਾਹਜ੍ਰ ਪਦਾਰਥ ਅਸਾਡੇ ਉੱਪਰ ਚੰਗੀ ਤਰਾਂ ਅਸਰ ਕਰ ਸਕਦੇ ਹਨ, ਪਰ ਜਿੱਡਾ ਵਖਕੇ ਅਸੀ ਸਾਵਧਾਨ ਹੁੰਦੇ ਹਾਂ ਉੱਡਾ ਹੀ ਇਨ੍ਹਾਂ ਅਸਰਾਂ ਨੂੰ ਅਸੀ ਕਾਬੂ ਰੱਖਦੇ ਹਾਂ ਅਰ ਇਹ ਪੜਤਾਲ ਕਰਦੇ ਹਾਂ ਕਿ ਅਸੀ ਕੇਹੜੇ ਅਸਰਾਂ ਨੂੰ ਆਪਣੇ ਖਿਆਲਾਂ ਦੀ ਸ੍ਰਿਸ਼ਟੀ ਵਿਚ ਪ੍ਰਵਿਰਤ ਹੋਣ ਦੇਵੀਏ ਅਰ ਆਪਣੇ ਜੀਵਨ ਤੇ ਅਸਰ ਕਰਨ ਦੇਵੀਏ।

ਬਾਜੇ ਸਾਡੇ ਵਿਚੋਂ ਹੋਰਨਾਂ ਨਾਲੋਂ ਸ਼ੀਘਰ ਅਨਭਵ ਕਰਨ ਵਾਲੇ ਹਨ, ਸਰੀਰ ਦੀ ਬਨਾਵਟ ਦੇ ਲਿਹਾਜ਼ ਨਾਲ ਓਹਨਾਂ ਦੇ ਸਰੀਰ ਅਤੀ ਸੂਖਮ ਬਣੇਂ ਹੋਏ ਹਨ ਅਰ ਅਤੰਜੰਤ ਅਧਕ ਅਸਰ ਕਬੂਲ ਕਰਨ ਵਾਲੇ ਹੁੰਦੇ ਹਨ। ਇਹ ਆਮ ਤੌਰ ਤੇ ਓਹ ਲੋਕ ਹਨ ਜੋ ਸਦੀਵ ਓਹਨਾਂ ਲੋਕਾਂ ਦੇ ਆਤਮਕ ਅਸਰਾਂ ਤੋਂ ਘਟ ਵਧ ਅਸਰ ਵਾਲੇ ਹੋ ਜਾਂਦੇ ਹਨ, ਜਿਨ੍ਹਾਂ ਲੋਕਾਂ ਨਾਲ ਓਹਨਾਂ ਨੂੰ ਮਿਲਨ ਦਾ ਸੁਮਾਂ ਮਿਲਦਾ ਹੈ ਜਾਂ ਜਿਨ੍ਹਾਂ ਦੇ ਨਾਲ ਓਹ ਰਹਿੰਦੇ ਬਹਿੰਦੇ ਹਨ।ਇਕ ਵੱਡੇ ਅਖਬਾਰ ਦਾ ਐਡੀਟਰ ਸਾਡਾ ਮਿੱਤ੍ਰ ਹੈ, ਇਹ ਪੁਰਸ਼ ਏਨਾਂ ਸ਼ੀਘ੍ਰ ਅਨਭਵ ਸ਼ਕਤੀ ਵਾਲਾ ਹੈ ਕਿ ਜੇ ਓਹ ਕਿਸੇ ਇਕ ਮਜਲਸ ਵਿਖੇ ਜਾਵੇ ਅਰ ਬਹੁਤ ਸਾਰੇ ਲੋਕਾਂ ਨਾਲ ਹੱਥ ਮਿਲਾਵੇ ਅਰ ਗੱਲ ਬਾਤ ਕਰੇ ਤਾਂ ਅਸੰਭਵ ਹੈ ਕਿ ਓਹਨਾਂ ਦੀਆਂ ਭਿੰਨ ਭਿੰਨ ਮਾਨਸਕ ਸ੍ਰੀਰਕ ਹਾਲਤਾਂ ਏਸ ਪੁਰਸ਼ ਦੇ ਅੰਦਰ ਪ੍ਰਵਿਰਤ ਨਾਂ ਹੋ ਜਾਣ, ਇਹ ਹਾਲਤਾਂ ਉਸ ਉੱਤੇ ਇੰਨਾ ਅਸਰ ਕਰਦੀਆਂ ਹਨ ਕਿ ਓਹ ਦੋ ਤਿੰਨ ਦਿਹਾੜੇ ਤਕ ਆਪਣੇ ਆਪੇ ਵਿਚ ਨਹੀਂ ਰਹਿੰਦਾ ਅਰ ਆਪਣਾ

ਕੰਮ ਭੀ ਠੀਕ ਠੀਕ ਨਹੀਂ ਕਰ ਸਕਦਾ।

ਬਾਜ਼ੇ ਪੁਰਸ਼ ਸ਼ੀਘਰ ਅਨਭਵ ਕਰਨ ਵਾਲਾ ਸੁਭਾਉ ਹੋਣ ਨੂੰ ਬੁਰਾ ਸਮਝਦੇ ਹਨ, ਪਰ ਸਾਡੀ ਰਾਇ ਵਿਖੇ ਇਹ ਕਦਾਚਿਤ ਬੁਰਾ ਨਹੀਂ ਸਗੋਂ ਹੱਛਾ ਹੈ, ਕਿਉਂਕਿ ਅਜੇਹੀ ਸੂਰਤ ਵਿਚ ਓਹ ਪੁਰਸ਼ ਅੰਤ੍ਰੀਵ ਆਤਮਾਂ ਦੇ ਸਭ ਤੋਂ ਉੱਤਮ ਤੇ ਪ੍ਰੇਰਨ ਹਾਰੀ ਸ਼ਕਤੀਆਂ ਤੇ ਵਸ਼ੇਸ਼ ਅਮਲ ਕਰੇਗਾ ਅਰ ਉੱਤਮ ਦਰਜੇ ਦੀਆਂ ਬਾਹਰਲੀਆਂ ਜਾਂ ਖਾਰਜੀ ਸ਼ਕਤੀਆਂ ਅਰ ਅਸਰਾਂ ਦਾ ਉਸ ਉੱਤੇ ਬਹੁਤ ਕੁਝ ਅਸਰ ਹੋਵੇਗਾ, ਪਰ ਹਾਂ ਉਸ ਦਰਜੇ ਦਾ ਸ਼ੀਘ੍ਰ ਅਨਭਵ ਸ਼ਕਤੀ ਸੰਪੰਨ ਹੋਣਾ ਬੁਰਾ ਅਰ ਹਾਨੀਕਾਰਕ ਹੈ ਕਿ ਜੇ ਓਹ ਪੁਰਸ਼ ਆਪਣੀ ਚਿੱਤ ਬ੍ਰਿਤੀ ਓਹਨਾਂ ਬਾਹਜ ਅਸਰਾਂ ਵਲੋਂ ਨਾਂ ਹਟਾ ਸਕੇ ਅਰ ਸਾਰੀਆਂ ਹਾਨੀਕਾਰਕ ਅਤੇ ਅਯੋਗ ਹਾਲਤਾਂ ਤੋਂ ਆਪਣੇ ਆਪ ਨੂੰ ਨਾਂ ਬਚਾ ਸਕੇ । ਹਰ ਇਕ ਪੁਰਸ਼ ਭਾਵੇਂ ਓਹ ਕਿੰਨਾ ਹੀ ਸ਼ੀਘਰ ਅਨਭਵ ਸ਼ਕਤੀ ਸੰਪੰਨ ਅਤੇ ਸੂਖਮ ਸੁਭਾਉ ਵਾਲਾ ਭੀ ਕਿਉਂ ਨਾਂ ਹੋਵੇ ਇਹ ਸ਼ਕਤੀ ਪ੍ਰਾਪਤ ਕਰ ਸਕਦਾ ਹੈ।

ਇਹ ਬਲ ਮਾਨਸਕ ਅਮਲ ਦੁਆਰਾ ਪ੍ਰਾਪਤ ਹੋ ਸਕਦਾ ਹੈ, ਇਸਤੋਂ ਛੁਟ ਹਰ ਇਕ ਪੁਰਸ਼ ਵਾਸਤੇ ਚਾਹੇ ਛੇਤੀ ਅਨਭਵ ਕਰਨ ਵਾਲਾ ਹੋਵੇ ਜਾਂ ਨਾਂ ਹੋਵੇ ਇਹ ਵਾਦੀ ਅਤੀ ਹੀ ਹੱਛੀ ਹੈ ਕਿ ਓਹ ਵੇਲੇ ਕੁਵੇਲੇ ਆਪਣੇ ਸੁਭਾਉ ਤੇ ਐਂਨਾ ਕਾਬੂ ਪਾਵੇ ਕਿ ਇਹ ਕਹਿ ਸਕੇ ਕਿ ਮੈਂ ਹੁਣ ਘਟ ਦੇ ਪਟ ਬੰਦ ਕਰ ਸਕਦਾ ਹਾਂ, ਹੁਣ ਮੈਂ ਸਾਰੀਆਂ ਆਸੁਰੀ ਸੰਪ੍ਰਦਾ ਵਾਲੀਆਂ ਗੱਲਾਂ ਨੂੰ ਆਪਣੇ

ਚਿਤ ਵਿਚੋਂ ਕੱਢ ਸਕਦਾ ਹਾਂ ਅਰ ਸਾਰੀਆਂ ਦੈਵੀ ਸੰਪ੍ਦਾ ਵਾਲੀਆਂ ਗੱਲਾਂ ਨੂੰ ਆਪਣੇ ਚਿਤ ਅੰਦਰ ਰਾਹ ਦੇਣ ਨੂੰ ਤਿਆਰ ਹਾਂ। ਕਦੀ ਕਦੀ ਇੱਛਾ ਪੂਰਬਕ ਇਸ ਤਰਾਂ ਦੀ ਮਾਨਸਕ ਹਾਲਤ ਗ੍ਰਹਣ ਕਰਨ ਤੋਂ ਵਾਦੀ ਪੈ ਜਾਂਦੀ ਹੈ ਅਰ ਜੋ ਕੋਈ ਪੁਰਸ਼ ਏਸ ਹਾਲਤ ਵਿਖੇ ਅਤੀ ਹੀ ਸਿਰ ਤੋੜ ਮੇਹਨਤ ਨਾਲ ਲੱਗਾ ਹੋਯਾ ਹੈ ਉਸ ਵਿਚ ਇੰਨਾ ਬਲ ਪੈਦਾ ਹੋ ਜਾਂਦਾ ਹੈ ਕਿ ਜੋ ਕੁਝ ਓਹ ਚਾਹੁੰਦਾ ਹੈ ਸੋ ਹੋ ਜਾਂਦਾ ਹੈ। ਏਸ ਤਰਾਂ ਜੀਵਨ ਦੇ ਅਦ੍ਰਿਸ਼ਜ ਅਤੇ ਦ੍ਰਿਸ਼ਜ ਰੂਪ ਪਾਸਿਆਂ ਵਲੋਂ ਸਾਰੇ ਨੀਚ ਅਤੇ ਅਯੋਗ ਅਸਰ ਆਉਣੇ ਬੰਦ ਹੋ ਜਾਂਦੇ ਹਨ ਅਰ ਸਾਰੇ ਉੱਚ ਦਰਜੇ ਦੇ ਅਸਰ ਆ ਜਾਂਦੇ ਹਨ ਅਰ ਜਿੰਨਾ ਅਸੀ ਉਨ੍ਹਾਂ ਉੱਚ ਦਰਜੇ ਦੇ ਅਸਰਾਂ ਦੇ ਚਾਹਵਾਨ ਹੋਵਾਂਗੇ ਓਨਾਂ ਏਹ ਅਸਰ ਸਾਡੇ ਅੰਦਰ ਆਉਣਗੇ। ਹੁਣ ਸੁਆਲ ਇਹ ਹੈ ਕਿ ਜੀਵਨ ਦੇ ਅਦ੍ਰਿਸ਼ਜ ਪਾਸੇ ਤੋਂ ਕੀ ਭਾਵ ਹੈ ?

ਪੈਹਲਾ—ਓਹ ਖਿਆਲ ਦੀਆਂ ਸ਼ਕਤੀਆਂ ਅਰ ਸਾਡੇ ਆਲੇ ਦੁਆਲੇ ਦੇ ਵਾਯੂ ਮੰਡਲ ਵਿਚ ਓਹ ਮਾਨਸਕ ਹਾਲਤਾਂ ਅਰ ਅਸਰ ਜੋ ਮਾਇਕ ਸਰੀਰ ਦ੍ਵਾਰਾ ਮਾਇਕ ਸ੍ਰਿਸ਼ਟੀ ਵਿਖੇ ਪ੍ਰਗਟ ਹੁੰਦੇ ਹਨ।

ਦੂਜਾ—ਓਹੀ ਸ਼ਕਤੀਆਂ ਜੋ ਓਹਨਾਂ ਲੋਕਾਂ ਥੀਂ ਵਰਤੋਂ ਵਿਚ ਆਉਂਦੀਆਂ ਹਨ, ਜਿਨ੍ਹਾਂ ਨੇ ਕਿ ਇਸ ਮਾਇਕ ਸਰੀਰ ਨੂੰ ਛੱਡ ਦਿੱਤਾ ਹੈ ਜਾਂ ਜਿਨ੍ਹਾਂ ਤੋਂ ਇਹ ਸਰੀਰ ਅੱਡ ਹੋ ਗਿਆ ਹੈ ਅਰ ਜੋ ਹੁਣ ਹੋਰ ਤਰਾਂ ਦੇ ਸਰੀਰਾਂ ਦੁਆਰਾ ਏਹਨਾਂ ਸ਼ਕਤੀਆਂ ਨੂੰ ਪ੍ਰਗਟ ਕਰ ਰਹੇ ਹਨ।

ਪ੍ਰਾਣੀ ਮਾਤ੍ਰ ਦਿ ਹਰ ਇਕ ਜੀਵ ਦਾ ਜੀਵਨ ਮਾਇਕ ਸ੍ਰਿਸ਼ਟੀ ਦੇ ਅਨਭਵ ਕਰਨ ਵਾਲਾ ਐਂਦ੍ਰਿਕ ਭਾਗ ਅਰਥਾਤ ਇੰਦ੍ਰੀਆਂ ਕਰਕੇ ਅਨਭਉ ਕੀਤੇ ਜਾਣ ਵਾਲੇ ਸਰੀਰਕ ਭਾਗ ਤੋਂ ਅਰੰਭ ਹੁੰਦਾ ਹੈ, ਪਰ ਜਿਉਂ੨ ਉਸਦਾ ਈਸ਼੍ਵਰੀ ਜੀਵਨ ਅਤੇ ਤਾਕਤਾਂ ਪ੍ਰਕਾਸ਼ ਵਾਨ ਹੁੰਦੀਆਂ ਹਨ ਉਤਨਾ ੨ ਹੀ ਸਹਜ ੨ ਸੂਖਮ ਤੇ ਅਕਾਸ਼ੀ ਮੰਡਲਾਂ ਵਿਚਦੀ ਲੰਘਦਾ ਹੋਇਆ ਓਹ ਅਜੇਹੇ ਅਸਥਾਨ ਤੇ ਪੁਜ ਜਾਂਦਾ ਹੈ ਜਿਸਦਾ ਪ੍ਰਭਾਵ ਅਤੇ ਪ੍ਰਕਾਸ਼ ਕਥਨੀ ਤੋਂ ਬਾਹਰ ਹੈ। ਹਰ ਇਕ ਸਥੂਲ ਸਤਾਰੇ ਦੇ ਉੱਤੇ ਪਰ ਉਸਦੇ ਘੇਰੇਂ ਦੇ ਅੰਦਰ ਉਜੇਹਾ ਹੀ ਇਕ ਸੂਖਮ ਅਕਾਸ਼ੀ ਸਤਾਰਾ ਜਾਂ ਆਤਮਕ ਸ੍ਰਿਸ਼ਟੀ ਹੈ, ਜਿਹਾ ਕਿ ਹਰ ਇਕ ਮਾਇਕ ਸਰੀਰ ਦੇ ਅੰਦਰ ਅਰ ਉੱਪਰ ਉਜੇਹਾ ਹੀ ਇਕ ਸੂਖਮ ਜਾਂ ਆਤਮਕ ਸਰੀਰ ਹੈ ਅਰ ਮਾਇਕ ਸਥੂਲ ਸਰੀਰ ਏਸ ਆਤਮਕ ਸਰੀਰ ਦਾ ਕੇਵਲ ਬਾਹਰਲਾ ਪਰਤੋ ਅਤੇ ਸਥੂਲ ਦਰਸਾਉ ਹੈ, ਏਸ ਸੂਖਮ ਆਤਮਕ ਸਤਾਰੇ ਥੀਂ ਜੋ ਕਾਰਣ ਮੰਡਲ ਵਿਚ ਪੁਜੇ ਹੋਏ ਪੁਰਸ਼ਾਂ ਦਾ ਖਾਸ ਵਤਨ ਹੈ, ਉੱਪਰ ਅਰ ਹੇਠਾਂ ਦੋਹਾਂ ਹਾਲਤਾਂ ਵਿਚ ਅਣਗਿਣਤ ਮੰਡਲ ਹਨ ਜੋ ਆਤਮ ਸੱਤਾ ਦੇ ਉਸ ਆਦ੍ਰਸ਼ ਤਕ ਪਹੁੰਚਦੇ ਹਨ ਜੋ ਅਨਭਵੀ ਮਨੁਸ਼ ਦੇ ਖਿਆਲ ਵਿਚ ਭੀ ਨਹੀਂ ਆ ਸਕਦਾ। ਜਿਹਾ ਕਿ ਸਰੀਰ ਦੋ ਪ੍ਰਕਾਰ ਦੇ ਹੁੰਦੇ ਹਨ। ਸਥੂਲ ਸਰੀਰ—ਮਾਨੋਂ ਇਹ ਇਕ ਛਿਨ ਭੰਗਰ ਖੱਲੜੀ ਹੈ ਜਿਸਦੇ ਅੰਦਰ ਅਰ ਜਿਸ ਦੁਆਰਾ ਅਸਲੀ ਅਤੇ ਸਿਥਰ ਸੂਖਮ ਦੇਹ ਪੂਰਣਤਾ ਅਤੇ ਸਿਥਰਤਾ ਨੂੰ ਪਾਂਦੀ ਹੈ, ਜਿਹਾ ਕਿ ਸਿੱਟੇ ਦਾ

ਦਾਣਾ ਆਪਣੇ ਛਿਲਕੇ ਜਾਂ ਖੱਲੜੀ ਦੁਆਰਾ ਪੂਰਨ ਹੁੰਦਾ ਹੈ ਅਰ ਉਸ ਖੱਲੜੀ ਦਾ ਹੋਰ ਕੁਝ ਲਾਭ ਨਹੀਂ ਹੈ, ਏਸ ਅਟੱਲ ਸੂਖਮ ਸਰੀਰ ਅਰ ਅਜੇਹੇ·ਹੀ ਆਸ ਪਾਸ ਦੇ ਸੂਖਮ ਘੇਰਿਆਂ ਅਰ ਭਿੰਨ ੨ ਘੇਰਿਆਂ ਦੇ ਸੰਬੰਧਾਂ ਦੁਆਰਾ ਪਰਖੱਤ੍ਰ ਤਥਾ ਪੁਰਖ ਜੀਵਨ ਸਦਾ ਲਈ ਸਿਥਰ ਰਹਿੰਦਾ ਹੈ।

ਜੀਵਨ ਸੱਤਾ ਚਾਹੇ ਕਿਸੇ ਸੂਰਤ ਵਿਚ ਹੋਵੇ ਓਹ ਇਹ ਪ੍ਰਗਟ ਕਰਦੀ ਹੈ ਕਿ ਓਹ ਬਰਾਬਰ ਇਕ ਤਾਰ ਜਾਰੀ ਰਹਿੰਦੀ ਹੈ, ਭਾਵੇਂ ਉਸਦੀ (ਬਾਹਰਲੀ) ਸੂਰਤ ਬਦਲ ਜਾਵੇ। ਜੀਵਨ ਸ੍ਰਿਸ਼ਟੀ ਦਾ ਇਕ ਸੱਚਾ ਤਤ੍ਵ ਹੈ ਅਰ ਇਹ ਤੱਤ੍ਵ ਸਦੀਵ ਜਾਰੀ ਰਹਿੰਦਾ ਹੈ, ਭਾਵੇਂ ਵਿਚੋਲਾ ਆਕਾਰ ਜਿਸ ਦੁਆਰਾ ਇਹ ਤੱਤ੍ਵ ਪ੍ਰਗਟ ਹੁੰਦਾ ਹੈ ਉਸਦੀ ਸੂਰਤ ਬਦਲ ਜਾਵੇ। ਇਹ ਇਕ ਸਾਈਂ ਲੋਕ ਨੇ ਕਿਹਾ ਧੁਨੀਂ ਭਰਿਆ ਬਚਨ ਆਖਿਆ ਹੈ, ਕਿ "ਮੇਰੇ ਪਿਤਾ ਦੇ ਮੰਦਰ ਵਿਚ ਬੜੇ ਮਹੱਲ ਹਨ" ਗੁਰੂ ਮਹਾਰਾਜ ਜੀ ਭੀ ਆਖਦੇ ਹਨ, ਕਿ "ਅਨਿਕ ਕੋਠੜੀ ਭਿੰਨ ਭਿੰਨ ਕਰੀਆ ਆਪ ਹੋਆ ਰਖਵਾਰਾ। ਜੈਸੇ ਮਹਲਿ ਤੈਸੇ ਰਹਿਣਾ ਕਿਆ ਕੋ ਕਰੈ ਵਿਚਾਰਾ।" (ਸਰੀਰ ਰੂਪੀ ਕੋਠੀਆਂ ਕਮਰੇ ਬਿਨਸਨਹਾਰੇ ਹਨ, ਰਖਵਾਰਾ ਪਿਤਾ ਸਭ ਦੇ ਜੀਵਨ ਦਾ ਜੀਵਨ ਇਕ ਰਸ ਸਭ ਵਿਖੇ ਜਾਰੀ ਅਰਥਾਤ ਸਮਾਇਆ ਹੋਇਆ ਸੱਚ ਰੂਪ ਹੈ), ਸੋ ਨਿਰਸੰਦੇਹ ਜੇ ਕੋਈ ਪੁਰਸ਼ ਮਾਇਕ ਸਰੀਰ ਨੂੰ ਛੱਡਕੇ ਇਸਤੋਂ ਬਾਹਰ ਚਲਾ ਜਾਏ ਤਾਂ ਇਸਤੋਂ ਇਹ ਸਿੱਧ ਨਹੀਂ ਹੁੰਦਾ ਕਿ ਇਸਦੀ ਹਸਤੀ ਬਰਾਬਰ ਪਹਿਲੀ ਤਰਾਂ ਆਪਣੇ ਰਾਹ ਤੇ ਸਿੱਧੀ

ਨਹੀਂ ਚਲੀ ਜਾ ਰਹੀ, ਇਸ ਹਸਤੀ ਦਾ ਸ਼ੁਰੂ ਹੋਣਾ ਨਹੀਂ ਆਖਿਆ ਜਾ ਸਕਦਾ, ਕਿਉਂਕਿ ਪੈਹਲਾਂ ਇਸਦੀ ਸਮਾਪਤੀ ਕਿਧਰੇ ਨਹੀਂ ਸੀ, ਹਾਂ ਇਹ ਆਖ ਸਕਦੇ ਹਾਂ ਕਿ ਜਿੱਥੋਂ ਉਸਨੇ ਇਸ ਖੰਡ ਨੂੰ ਛੱਡਿਆ ਸੀ ਉੱਥੇ ਦੂਜੀ ਸੂਰਤ ਵਿਖੇ ਸ਼ੁਰੂ ਹੋ ਗਈ ਹੈ, ਕਿਉਂਕਿ ਸਾਰਾ ਜੀਵਨ ਝੰਡੇ ਵਾਰ ਇਕ ਪੂਰਨ ਪਉੜੀ ਹੈ ਜਿਸ ਵਿਖੇ ਉਛਲ ਕੇ ਜਾਂ ਕੁੱਦਕੇ ਚੜ੍ਹਨਾ ਅਸੰਭਵ ਹੈ, ਅਰਥਾਤ ਇਹ ਕਿ ਹੌਲੀ ਹੌਲੀ ਜੀਵਨ ਵਧਦਾ ਫੁਲਦਾ ਹੈ ਅਰ ਤ੍ਰਕੀ ਪ੍ਰਾਪਤ ਕਰਦਾ ਹੈ ਅਰ ਇਹ ਨਹੀਂ ਕਿ ਨੀਚ ਹਾਲਤਾਂ ਨੂੰ ਛੱਡਕੇ ਅਚਾਨਕ ਉੱਤਮ ਤੋਂ ਉੱਤਮ ਦਸ਼ਾ ਤਕ ਪੁਜ ਜਾਏ।

ਫੇਰ ਦੂਜੀ ਸੂਰਤ ਵਿਚ ਮਾਨਸਿਕ ਸ਼ਕਤੀਆਂ ਜਾਂ ਭਿੰਨ ਭਿੰਨ ਦਰਾਜਆਂ ਅਤੇ ਤਾਸੀਰਾਂ ਵਾਲੀਆਂ ਅਜੇਹੀਆਂ ਜ਼ਿੰਦਗੀਆਂ ਹਨ ਜਿਹੀਆਂ ਕਿ ਸਥੂਲ ਰੂਪ ਵਿਚ। ਏਸ ਵਾਸਤੇ ਜੇ ਇਹ ਵੱਡਾ ਕਾਨੂਨ ਕਿ ਹਮਜਿਨਸ ਹਮਜਿਨਸ ਨੂੰ ਖਿੱਚ ਕਰਦਾ ਹੈ ਜਾਰੀ ਹੈ ਤਾਂ ਅਸੀ ਉੱਤੋੜਤੀ ਏਸ ਤਰਾਂ ਦੇ ਜੀਵਨ ਤੋਂ ਅਜੇਹੀਆਂ ਤਾਸੀਰਾਂ ਅਤੇ ਹਾਲਤਾਂ ਆਪਣੇ ਵਲ ਖਿੱਚਦੇ ਰਹਿੰਦੇ ਹਾਂ ਜੋ ਸਾਡੇ ਖਿਆਲਾਂ ਅਤੇ ਜੀਵਨਾਂ ਨਾਲ ਬਹੁਤ ਕੁਝ ਮਿਲਦੀਆਂ ਜੁਲਦੀਆਂ ਹਨ।

ਇਕ ਪੁਰਸ਼ ਦਾ ਕਥਨ ਹੈ ਕਿ ਜੇ ਏਸੇਤਰਾਂ ਕਰਕੇ ਅਸਾਡੇ ਚਿੱਤ ਤੇ ਅਸਰ ਹੁੰਦਾ ਹੈ ਤਾਂ ਇਹ ਇਕ ਬੜਾ ਵਾਹਯਾਤ ਅਤੇ ਭਿਆਨਕ ਖਿਆਲ ਹੈ। ਇਸਦੇ ਉੱਤਰ ਵਿਚ ਅਸੀ ਆਖਦੇ ਹਾਂ ਕਿ ਕਦੀ ਨਹੀਂ, ਜੀਵਨ ਦੀ ਲੜੀ ਇਕੱਠੀ ਹੈ, "ਏਕ ਪਿਤਾ ਏਕਸ ਕੇ ਹਮ

ਬਾਰਕ" ਅਸੀ ਸਾਰੇ ਇਕ ਹੀ ਆਮ ਅਤੇ ਪੂਰਨ ਜੀਵਨ ਵਿਖੇ ਸੰਬੰਧਤ ਹਾਂ ਅਤੇ ਖਾਸ ਕਰਕੇ ਅਸੀ ਏਸਤਰਾਂ ਬੱਧੇ ਹੋਏ ਭੀ ਨਹੀਂ ਹਾਂ। ਜਦੋਂ ਅਸੀ ਇਸ ਗੱਲ ਤੇ ਵਿਚਾਰ ਕਰਦੇ ਹਾਂ ਕਿ ਇਸ ਗੱਲ ਦਾ ਫੈਸਲਾ ਕਰਨਾ ਉੱਕਾ ਹੀ ਸਾਡੇ ਵੱਸ ਵਿਚ ਹੈ ਕਿ ਅਸੀ ਕਿਸਤਰਾਂ ਦੇ ਅਸਰਾਂ ਨੂੰ ਆਪਣੇ ਵਲ ਖਿੱਚਾਂਗੇ ਅਤੇ ਅਸੀ ਬੈਦ ਮਜਨੂੰ ਦੇ ਸਭ ਪਾਸੇ ਮੁੜ (ਝੁਕ) ਜਾਨ ਵਾਲੇ ਲਚਕਦਾਰ ਬੂਟੇ ਦੀ ਨਜਾਈਂ ਸਭ ਭਾਂਤ ਦੀਆਂ ਘਟਨਾਵਾਂ ਦੇ ਅਧੀਨ ਨਹੀਂ ਹਾਂ ਅਰਥਾਤ ਜੋ ਪਾਸਾ ਜ਼ਬਰਦਸਤ ਵੇਖਿਆ ਉਸੇ ਪਾਸੇ ਹੋ ਜਾਨ ਵਾਲੇ ਨਹੀਂ ਹਾਂ, ਹਾਂ ਜੇ ਅਸੀ ਆਪ ਕਿਸੇ ਘਟਨਾਂ ਦੇ ਵੱਸ ਵਿਚ ਹੋਣਾ ਚਾਹੀਏ ਤਾਂ ਇਹ ਹੋਰ ਗੱਲ ਹੈ।

ਆਪਣੇ ਮਾਨਸਿਕ ਜੀਵਨ ਵਿਖੇ ਜਾਂ ਤਾਂ ਅਸੀ ਆ-ਪਣੇ ਜੀਵਨ ਦੇ ਜਹਾਜ਼ ਦੀ ਪਤਵਾਰ ਨੂੰ ਪਕੜਕੇ ਠੀਕ ਠੀਕ ਭਾਲ ਕਰ ਲੈਂਦੇ ਹਾਂ ਕਿ ਕਿਸ ਰਸਤੇ ਥੀਂ ਚੱਲਨਾ ਹੈ ਅਰ ਕੇਹੜੇ ਕੇਹੜੇ ਅਸਥਾਨਾਂ ਤੋਂ ਅਸਾਂ ਲੰਘਣਾ ਹੈ? ਜਾਂ ਅਸੀ ਅਜੇਹਾ ਕਰਨ ਤੋਂ ਬੇਵੱਸ ਰਹਿੰਦੇ ਹਾਂ ਅਰ ਇਸ ਦੋਸ਼ ਕਰਕੇ ਅਸੀ ਬੇਵੱਸੇ ਲਗੇ ਫਿਰਦੇ ਹਾਂ ਅਰ ਹਰ ਇਕ ਆਉਣ ਵਾਲੀ ਪੌਣ ਦਾ ਝੁਲਾਰਾ ਸਾਨੂੰ ਏਧਰ ਓਧਰ ਉਡਾਈ ਲਈ ਜਾਂਦਾ ਹੈ, ਏਸ ਵਾਸਤੇ ਉਲਟ ਇਸਦੇ ਕੋਈ ਖਾਸ ਖਿਆਲ ਸਾਡੇ ਵਾਸਤੇ ਮੁਬਾਰਕ ਬਾਦੀ ਅਤੇ ਖੁਸ਼ੀ ਦਾ ਕਾਰਨ ਹੋਵੇਗਾ, ਕਿਉਂਕਿ ਇਸ ਤਰਾਂ ਨਾਲ ਜੋ ਵੱਡੇ ਵੱਡੇ ਅਤਜੰਤ ਭਲੇ ਮਾਨਸ ਅਤੇ ਚੰਗੇ ਲੋਕ ਧਰਤੀ ਦੇ ਇਸ ਟੁਕੜੇ ਤੇ ਚਾਹੇ ਕਿਸੇ ਵੇਲੇ

ਚਾਹੇ ਕਿਸੇ ਥਾਂ ਤੇ ਹੋ ਚੁਕੇ ਹਨ ਅਸੀ ਓਹਨਾਂ ਦੀ ਮੱਦਦ ਅਤੇ ਤਾਸੀਰ ਤੋਂ ਕੰਮ ਲੈ ਸਕਦੇ ਹਾਂ।

ਅਸੀ ਆਪਣੀ ਅਕਲ ਨਾਲ ਇਸਤੋਂ ਵੱਧਕੇ ਭਰੋਸਾ ਨਹੀਂ ਕਰ ਸਕਦੇ ਕਿ ਜਿਨ੍ਹਾਂ ਲੋਕਾਂ ਨੇ ਏਸ ਸੰਸਾਰ ਵਿਚ ਅਤਯੰਤ ਪਿਆਰ ਅਤੇ ਜੋਸ਼ ਨਾਲ ਮੇਹਨਤ ਕੀਤੀ ਹੈ ਤੇ ਹੁਣ ਭੀ ਓਹ ਉਸੇ ਤਰਾਂ ਮੇਹਨਤ ਕਰ ਰਹੇ ਹਨ ਅਤੇ ਵਸ਼ੇਸ਼ ਕਰਕੇ ਹੋਰ ਭੀ ਬਹੁਤ ਹੀ ਸਿਰ ਤੋੜ ਅਤੇ ਜੋਸ਼ ਨਾਲ ਮੇਹਨਤ ਕਰ ਰਹੇ ਹਨ।

"ਅਲਾਇਸਾ ਨੇ ਪ੍ਰਾਰਥਨਾਂ ਕੀਤੀ ਅਤੇ ਕਿਹਾ, "ਹੇ ਈਸ਼੍ਵਰ! ਮੈਂ ਤੇਰੀ ਸੇਵਾ ਵਿਖੇ ਬੇਨਤੀ ਕਰਦਾ ਹਾਂ ਕਿ ਉਸ ਪੁਰਸ਼ ਦੀਆਂ ਅੱਖੀਆਂ ਖੋਲ੍ਹ ਦੇਹ, ਤਾਕਿ ਇਹ ਵੇਖ ਸਕੇ" ਅਰ ਈਸ਼੍ਵਰ ਪ੍ਰਵਰਦਗਾਰ ਨੇ ਉਸ ਨੌਜੁਆਨ ਪੁਰਸ਼ ਦੀਆਂ ਅੱਖੀਆਂ ਖੋਲ੍ਹ ਦਿੱਤੀਆਂ ਅਰ ਉਸਨੇ ਵੇਖਿਆ ਤਾਂ ਅਸਚਰਜ (ਕੌਤਕ) ਹੈ ਕਿ ਉਸ ਪਹਾੜ ਤੇ ਅਲਾ-ਇਸਾ ਦੇ ਆਲੇ ਦੁਆਲੇ ਆਤਸ਼ੀ ਘੋੜੇ ਅਤੇ ਰਥ ਆ ਖਲੇ ਹੋਏ।

ਕੁਝਕੁ ਦਿਨ ਹੋਏ ਕਿ ਜਦੋਂ ਮੈਂ ਅਤੇ ਮੇਰਾ ਇਕ ਮਿੱਤ੍ਰ ਘੋੜਿਆਂ ਤੇ ਸੁਆਰ ਹੋਕੇ ਜਾ ਰਹੇ ਸਾਂ ਅਰ ਅਸੀ ਆਪੋ ਵਿਚ ਇਹ ਗੱਲਾਂ ਕਰ ਰਹੇ ਸਾਂ ਕਿ ਵੇਖੋ, ਅਜ ਕੱਲ ਦੇ ਲੋਕ ਥਾਉਂ ਥਾਈਂ ਜੀਵਨ ਦੀਆਂ ਵਾਸਤਵੀ ਬਾਤਾਂ ਵਿਖੇ ਵੱਡੀ ਚਾਹ ਪ੍ਰਗਟ ਕਰ ਰਹੇ ਹਨ, ਅੰਤ੍ਰੀਵ ਤਾਕਤਾਂ ਦੀ ਵਿਦਯਾ ਬੜੇ ਜੋਸ਼ ਨਾਲ ਪ੍ਰਾਪਤ ਕਰ ਰਹੇ ਹਨ ਅਰ ਓਹਨਾਂ ਵਿਖੇ ਸਦੀਵ ਇਹ ਇੱਛਾ ਵਧਦੀ ਜਾਂਦੀ ਹੈ ਕਿ ਓਹ ਆਪਣੇ ਆਪ ਦੀ ਲਖਤਾ ਕਰਨ

ਅਰ ਅਪਾਰ ਈਸ਼੍ਵਰ ਨਾਲ ਆਪ੍ਰਣਾ ਅਸਲੀ ਸੰਬੰਧ ਜਾਣਨ ਅਰ ਜਦੋਂ ਏਸ ਗੱਲ ਦਾ ਜ਼ਿਕਰ ਛਿੜਿਆ ਹੋਇਆ ਸੀ ਕਿ ਸਾਰੀ ਸ੍ਰਿਸ਼ਟੀ ਜਗਾਵੀਂ ਆਤਮਕ ਵਿਦਯਾ ਵਲ ਝੁਕ ਰਹੀ ਹੈ ਅਰ ਵੱਡੀਆਂ ਵੱਡੀਆਂ ਗੱਲਾਂ ਮਲੂਮ ਕਰ ਰਹੀ ਹੈ । ਜਿਸ ਵਿਦਯਾ ਦਾ ਅਰੰਭ ਏਸ ਸਦੀ ਦੇ ਪਿਛਲੇ ਸਾਲਾਂ ਵਿਖੇ ਸਾਫ ਸਾਫ ਨਜ਼ਰ ਆ ਰਿਹਾ ਸੀ ਅਰ ਜਿਸਦੀ ਦਿਨੋਂ ਦਿਨ ਤੁੱਕੀ ਅਸੀ ਆਉਣ ਵਾਲੀ ਸਦੀ ਦੇ ਪਹਲੇ ੨ ਸਾਲਾਂ ਵਿਖੇ ਵੇਖਾਂਗੇ, ਉਸ ਵੇਲੇ ਮੈਂ ਇਹ ਆਖਿਆ "ਐਮਰਸਨ ਜਿਸਨੇ ਆਪਣੇ ਜ਼ਮਾਨੇ ਵਿਚ ਉਸ ਨਾਲੋਂ ਵਧਕੇ ਤੁੱਕੀ ਕੀਤੀ ਸੀ–ਜੋ ਅਤੀ ਹੀ ਪੂਰਨ ਵਿਦਯਾ ਸੰਪੰਨ ਪੁਰਸ਼ ਸੀ–ਅਰ ਜਿਸਨੇ ਏਹਨਾਂ ਵਧੀਕ ਆਤਮਕ ਸੂਰਤਾਂ ਦੇ ਪੈਦਾ ਕਰਨ ਵਿਖੇ ਅਜੇਹੇ ਭਗਤੀ ਭਾਵ ਅਤੇ ਨਿਰਭੈਤਾ ਨਾਲ ਮੇਹ-ਨਤ ਕੀਤੀ ਸੀ, ਸ਼ੋਕ! ਅਜ ਏਸ ਹਾਲਤ ਨੂੰ ਵੇਖਨਲਈ ਸਾਡੇ ਕੋਲ ਮੌਜੂਦ ਹੁੰਦਾ ਅਤੇ ਓਹ ਇਹ ਹਾਲਤ ਵੇਖਕੇ ਕੇਡਾ ਪ੍ਰਸੰਨ ਹੁੰਦਾ" ਇਸਦਾ ਉੱਤਰ ਇਹ ਮਿਲਿਆ:– "ਸਾਨੂੰ ਕਿਸਤਰਾਂ ਪਤਾ ਹੈ ਕਿ ਹੁਣ ਓਹ ਏਸ ਹਾਲਤ ਨੂੰ ਨਹੀਂ ਵੇਖ ਰਿਹਾ? ਇਸਤੋਂ ਛੁਟ ਇਹ ਕਿਸਤਰਾਂ ਮਲੂਮ ਹੈ ਕਿ ਇਸ ਹਾਲਤ ਵਿਖੇ ਉਸਦੀ ਪ੍ਰਵਿਰਤੀ ਨਹੀਂ ਹੈ? ਸ਼ਾਇਦ ਪਹਿਲੇ ਨਾਲੋਂ ਭੀ ਵਧਕੇ ਹੁਣ ਉਸਦਾ ਦਖਲ ਹੋਵੇ ਤਾਂ ਕੀ ਅਸਚਰਜ ਹੈ? ਇਸ ਗੱਲ ਦਾ ਚੇਤਾ ਦੁਆਨ ਲਈ ਮੈਂ ਆਪਣੇ ਮਿੱਤ੍ਰ ਦਾ ਧੰਨਵਾਦੀ ਹੁੰਦਾ ਹਾਂ ਅਰ ਸੱਚ ਮੁਚ ਇਹ ਠੀਕ ਹੈ ਕਿ ਓਹ ਸਾਰੀਆਂ ਲਾਭ ਪੁਚਾਨ ਵਾਲੀਆਂ ਆਤਮਾਵਾਂ ਏਸ ਵਾਸਤੇ ਨਹੀਂ ਭੇਜੀਆਂ

ਗਈਆਂ ਕਿ ਓਹ ਉਹਨਾਂ ਨੂੰ ਲਾਭ ਪੁਚਾਵਨ ਜੋ ਅੱਗੋਂ ਵਾਸਤੇ ਮੁਕਤੀ ਦੇ ਹੱਕਦਾਰ ਹੋਣਗੇ।

ਵਿਗਯਾਨ (ਸਾਇੰਸ) ਦੁਆਰਾ ਇਹ ਗੱਲ ਅਜ ਕਲ ਚੰਗੀ ਤਰਾਂ ਸਿੱਧ ਹੈ ਕਿ ਜੋ ਚੀਜ਼ਾਂ ਅਸੀ ਵੇਖਦੇ ਹਾਂ ਵਰਤਮਾਨ ਚੀਜ਼ਾਂ ਦਾ ਬਹੁਤ ਹੀ ਹੱਕ ਸਾਡੇ ਜੀਵਨਾਂ ਵਿਖੇ ਅਰ ਸਾਡੇ ਆਸ ਪਾਸ ਦੀ ਸ੍ਰਿਸ਼ਟੀ ਵਿਖੇ ਜੋ ਅਸਲੀ ਅਤੇ ਜੀਵਨ ਦਾਤਾ ਸ਼ਕਤੀਆਂ ਕੰਮ ਕਰ ਰਹੀਆਂ ਹਨ ਓਹਨਾਂ ਨੂੰ ਸਾਧਾਰਨ ਸਰੀਰਕ ਅੱਖਾਂ ਨਹੀਂ ਵੇਖ ਸਕ-ਦੀਆਂ, ਪਰ ਇਹ ਸ਼ਕਤੀਆਂ ਅਸਲ ਵਿਚ ਕਾਰਨ ਹਨ ਅਰ ਜੋ ਸਾਰੀਆਂ ਚੀਜ਼ਾਂ ਕਿ ਅਸੀ ਵੇਖਦੇ ਹਾਂ ਓਹ ਇਨ੍ਹਾਂ ਦੇ ਕਾਰਜ ਹਨ, ਖ਼ਿਆਲ ਸ਼ਕਤੀਆਂ ਹਨ, ਹਮਜਿਨਸ ਹਮਜਿਨਸ ਨੂੰ ਬਨਾਂਦੀਆਂ ਹਨ ਅਰ ਹਮਜਿਨਸ ਹਮ-ਜਿਨਸ ਨੂੰ ਖਿੱਚ ਕਰਦੀ ਹੈ ਏਹ ਕੁਦਰਤ ਦਾ ਅਟੱਲ ਨਿਯਮ ਹੈ। ਏਸ ਵਾਸਤੇ ਜੋ ਪੁਰਸ਼ ਆਪਣੇ ਖਿਆਲਾਂ ਤੇ ਪ੍ਰਬਲ ਹੈ ਓਹ ਜਾਣੋਂ ਆਪਣੇ ਜੀਵਨ ਤੇ ਭੀ ਪ੍ਰਬਲ ਹੈ ਅਰਥਾਤ ਉਸਦਾ ਜੀਵਨ ਉਸਦੇ ਖਿਆਲਾਂ ਅਨੁਸਾਰ ਚੰਗਾ ਜਾਂ ਬੁਰਾ ਰੰਗ ਪਕੜਦਾ ਹੈ "ਜੋ ਮਨ ਹੋਇ ਸੁ ਊਗਵੈ"।

ਇਕ ਹੋਰ ਬੁੱਧੀਵਾਨ ਦਾ ਕਥਨ ਹੈ ਕਿ ਆਤਮਕ ਅਤੇ ਮਾਇਕ ਚੀਜ਼ਾਂ ਦੇ ਵਿਚਕਾਰ ਪਿਆਰ ਦਾ ਨਿਯਮ ਅਤੀ ਹੀ ਠੀਕ ਤ੍ਰੀਕੇ ਨਾਲ ਕੰਮ ਕਰਦਾ ਰਹਿੰਦਾ ਹੈ, ਮਾਤਮੀ ਸੂਰਤ ਵਾਲੇ ਪੁਰਸ਼ਾਂ ਦੇ ਕੋਲ ਮਾਤਮੀ ਚੀਜ਼ਾਂ ਹੀ ਆਉਂਦੀਆਂ ਹਨ। ਪੰਜਾਬੀ ਪ੍ਰਸਿੱਧ ਕਹਾਵਤ ਹੈ "ਰੋਂਦੇ ਗਏ ਤੇ ਮੋਇਆਂ ਦੀ ਖਬਰ ਲਿਆਏ" ਹਿੰਮਤ ਹਾਰੂ

ਅਤੇ ਨਿਰਾਸ ਪੁਰਸ਼ ਕਦਾਚਿੱਤ ਭੀ ਕਿਸੇ ਕੰਮ ਵਿਖੇ ਸਫਲਤਾ ਪ੍ਰਾਪਤ ਨਹੀਂ ਕਰਦੇ ਅਤੇ ਕੇਵਲ ਕਿਸੇ ਹੋਰਸ ਦੇ ਸਿਰ ਭਾਰੂ ਹੋਕੇ ਦਿਨ ਕੱਟਦੇ ਹਨ ਅਰ ਉਸਦੀ ਜਾਨ ਦਾ ਵਬਾਲ ਬਨਦੇ ਹਨ। ਆਸ ਨਾਲ ਭਰੇ ਹੋਏ ਭਰੋਸੇ ਵਾਲੇ ਅਤੇ ਪ੍ਰਸੰਨ ਚਿੱਤ ਲੋਕਾਂ ਨੂੰ ਆਪਣੇ ਆਪ ਸਫਲਤਾ ਪ੍ਰਾਪਤ ਹੁੰਦੀ ਹੈ, ਕਿਸੇ ਪੁਰਸ਼ ਦੇ ਘਰ ਦੇ ਵੇਹੜੇ ਅਰ ਪਿਛਵਾੜੇ ਦੀ ਸੂਰਤ ਤੋਂ ਹੀ ਉਸਦੇ ਸੁਭਾਉ ਦਾ ਹਾਲ ਸਾਫ ਪ੍ਰਗਟ ਹੋ ਜਾਂਦਾ ਹੈ, ਘਰ ਵਿਖੇ ਬੈਠੀ ਹੋਈ ਇਸਤ੍ਰੀ ਦੀ ਪੁਸ਼ਾਕ ਤੋਂ ਉਸਦੇ ਦਿਲ ਦਾ ਹਾਲ ਖੁਲ੍ਹ ਜਾਂਦਾ ਹੈ, ਗੰਦੇ ਅਤੇ ਅਸ਼ੁਧ ਆਦਮੀ ਤੋਂ ਨਿਰਾਸਤਾ, ਬੇਪ੍ਰਵਾਹੀ ਅਤੇ ਬਦ ਇੰਤਜ਼ਾਮੀ ਜਾਂ ਬਿਜੁਗਤੀ ਪ੍ਰਤੀਤ ਹੋਇਆ ਕਰਦੀ ਹੈ, ਲੀਰਾਂ ਕਚੀਰਾਂ, ਪਾਟੇ ਪੁਰਾਣੇ ਕੱਪੜੇ ਅਤੇ ਮਿੱਟੀ ਧੂੜ ਇਹ ਚੀਜ਼ਾਂ ਸਰੀਰ ਉੱਤੇ ਹੋਣ ਤੋਂ ਪੈਹਲਾਂ ਸਦੀਵ ਮਨ ਵਿਖੇ ਹੋਇਆ ਕਰਦੀਆਂ ਹਨ, ਜਿਹਾ ਖਿਆਲ ਹੋਵੇਗਾ ਜ਼ਰੂਰ ਉਸੇ ਦੇ ਅਨੁਸਾਰ ਜ਼ਾਹਰੀ ਸਾਮਾਨ ਪੈਦਾ ਹੋ ਜਾਣਗੇ। ਜਿਸਤਰਾਂ ਸੁਲਿਉਸ਼ਨ (ਬਨਾਏ ਹੋਏ ਪਾਣੀ) ਵਿਖੇ ਤਾਂਬੇ ਦਾ ਟੁਕੜਾ ਉਸ ਸਲਿਊਸ਼ਨ ਵਿਚ ਤਾਂਬੇ ਦੇ ਅਦ੍ਰਿਸ਼ਜ ਟੁਕੜਿਆਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ ਇਸੇਤਰਾਂ ਜਿਸ ਪੁਰਸ਼ ਦਾ ਸੁਭਾਉ ਸਦੀਵ ਆਸ ਵਾਲਾ ਅਤੇ ਭਰੋਸੇ ਵਾਲਾ ਅਤੇ ਦਲੇਰ ਹੁੰਦਾ ਹੈ ਅਰ ਆਪਣੇ ਇਰਾਦੇ ਤੇ ਪੱਕਾ ਹੋਕੇ ਉਸੇ ਤੇ ਕਾਇਮ ਰਹਿੰਦਾ ਹੈ ਓਹ ਆਪਣੇ ਇਰਾਦੇ ਦੇ ਹਾਲ ਅਨੁਸਾਰ ਸੁਭਾਵਕ ਹੀ ਉਸਦੇ ਪੂਰਾ ਕਰਨ ਵਾਲੀਆਂ ਚੀਜ਼ਾਂ ਅਤੇ ਸ਼ਕਤੀਆਂ ਨੂੰ ਆਪਣੀ ਵੱਲ

ਖਿੱਚ ਲੈਂਦਾ ਹੈ। ਤੁਹਾਡਾ ਹਰ ਇਕ ਖਿਆਲ ਹਰ ਤਰਾਂ ਨਾਲ ਤੁਹਾਡੇ ਵਾਸਤੇ ਅਸਲ ਵਿਚ ਇਕ ਅਮੋਲਕ ਚੀਜ਼ ਹੈ, ਤੁਹਾਡੇ ਸਰੀਰ ਦੀ ਤਾਕਤ ਤੁਸਾਡੀ ਯਾਦ ਸ਼ਕਤੀ ਕਿਸੇ ਕੰਮ ਵਿਖੇ ਤੁਹਾਡੀ ਸਫਲਤਾ ਅਤੇ ਤੁਹਾਡੀ ਅਰੋ-ਗਤਾ ਤੋਂ ਦੂਜਿਆਂ ਨੂੰ ਖੁਸ਼ੀ ਦੀ ਪ੍ਰਾਪਤੀ ਹੋਣੀ ਇਹ ਸਾਰੀਆਂ ਗੱਲਾਂ ਤੁਹਾਡੇ ਖਿਆਲਾਂ ਤੇ ਨਿਰਭਰ ਹਨ। ਜਿਸ ਹਾਲਤ ਵਿਖੇ ਤੁਸੀ ਆਪਣੇ ਮਨ ਨੂੰ ਲਾਓਗੇ ਉਸੇ ਹਾਲਤ ਦੇ ਅਨੁਸਾਰ ਤੁਹਾਡੀ ਆਤਮਾਂ ਅਦ੍ਰਿਸ਼ਜ ਚੀਜ਼ ਵਾਲੀ ਹਾਲਤ ਨੂੰ ਮੰਗੇਗੀ, ਜਿਹਾ ਕਿ ਕੀਮੀਆਂ(ਰਸੈਣ) ਦਾ ਨਿਯਮ ਹੈ ਉਸੇ ਤਰਾਂ ਹੀ ਆਤਮਕ ਨਿਯਮ ਹੈ। ਰਸਾਇਣ ਵਿਦਜਾ ਕੇਵਲ ਓਹਨਾਂ ਤੱਤਾਂ ਤੇ ਨਿਰਭਰ ਨਹੀਂ ਜਿਨ੍ਹਾਂ ਨੂੰ ਅਸੀ ਵੇਖਦੇ ਹਾਂ ਅਰ ਜਿਨ੍ਹਾਂ ਤੱਤਾਂ ਨੂੰ ਅਸੀ ਸ੍ਰੀਰਕ ਅੱਖ ਦੁਆਰਾ ਵੇਖ ਨਹੀਂ ਸਕਦੇ ਓਹ ਪ੍ਰੀਖਿਆ ਵਿਚ ਇਨ੍ਹਾਂ ਨੇਤ੍ਰ ਗੋਚਰ ਤੱਤਾਂ ਨਾਲੋਂ ਹਜ਼ਾਰਾਂ ਗੁਣਾਂ ਅਧਕ ਹਨ। ਮਹਾਤਮਾਂ ਦੇ ਇਹ ਬਚਨ ਕਿ ਜੋ ਲੋਕ ਤੁਹਾਡੇ ਨਾਲ ਬੁਰਿਆਈ ਕਰਦੇ ਹਨ ਅਤੇ ਘ੍ਰਿਣਾਂ ਕਰਦੇ ਹਨ ਤੁਸੀ ਓਹਨਾਂ ਨਾਲ ਭਲਾਈ ਕਰੋ "ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਨ ਹਢਾਇ। ਦੇਹੀ ਰੋਗ ਨ ਲਗਈ ਪਲੈ ਸਭ ਕਿਛੁ ਪਾਇ।" ਇਕ ਵਿਦਜਕ ਅਸਲੀਅਤ ਅਤੇ ਕੁਦਰਤੀ ਨਿਯਮ ਤੇ ਨਿਰਭਰ ਹੈ, ਇਸ ਲਈ ਨੇਕੀ ਕਰਨਾ ਕੀ ਹੁੰਦਾ ਹੈ ? ਮਾਨੋਂ ਕੁਦਰਤ ਦੇ ਅੰਦਰ ਜਿੰਨੇ ਤਾਕਤ ਵਾਲੇ ਅਤੇ ਹੱਛੇ (ਗੁਣ) ਮੌਜੂਦ ਹਨ ਓਹਨਾਂ ਸਾਰਿਆਂ ਨੂੰ ਆਪਣੇ ਵਲ ਲਿਆ-ਉਣਾ ਹੈ। ਅਤੇ ਬੁਰਾਈ ਕਰਨਾ ਕੀ ਹੈ? ਮਾਨੋਂ ਕੁਦਰਤ

ਦੇ ਸਾਰੇ ਵਿਰੋਧੀ ਅਤੇ ਸੱਤਯਾਨਾਸੀ ਔਗੁਣਾਂ ਨੂੰ ਆਪਣੇ ਵੱਲ ਖਿੱਚਣਾ ਹੈ।ਜਦੋਂ ਸਾਡੀਆਂ ਅੱਖੀਆਂ ਖੁੱਲ੍ਹ ਜਾਂਦੀਆਂ ਹਨ ਅਤੇ ਸਾਨੂੰ ਸਾਫ ੨ ਨਜ਼ਰ ਆਉਣ ਲੱਗ ਜਾਂਦਾ ਹੈ ਤਦੋਂ ਅਸੀ ਆਪਣੀ ਰਾਖੀ ਲਈ ਸਾਰੇ ਬਦੀ ਦੇ ਖਯਾਲਾਂ ਨੂੰ ਆਪਣੇ ਅੰਦਰ ਆਉਣ ਨਹੀਂ ਦੇਵਾਂਗੇ। ਜੋ ਲੋਕ ਘ੍ਰਿਣਾਂ ਅਤੇ ਗਿਲਾਨੀ ਵਿਖੇ ਜੀਵਨ ਬਤੀਤ ਕਰਦੇ ਹਨ ਓਹ ਕਿਸੇ ਹਾਲਤ ਵਿਚ ਮਰ ਜਾਣਗੇ ਅਰਥਾਤ ਜੋ ਲੋਕ ਤਲਵਾਰ ਦੇ ਜੌਹਰ ਵਖਾਕੇ ਅਵਜੀਵਕਾ ਕਮਾਉਂਦੇ ਹਨ ਅੰਤ ਨੂੰ ਓਹ ਤਲਵਾਰ ਹੀ ਖਾਕੇ ਮਰਨਗੇ। ਹਰ ਇਕ ਬਦੀ ਦਾ ਖ਼ਿਆਲ ਤਲਵਾਰ ਦੀ ਨਿਆਈਂ ਹੈ ਜੋ ਦੂਜੇ ਪੁਰਸ਼ ਨੂੰ ਨਸ਼ਾਨਾਂ ਬਣਾਕੇ ਉਸ ਉੱਤੇ ਖਿੱਚੀ ਗਈ ਹੈ ਜੇ ਇਸਦੇ ਬਦਲੇ ਵਿਚ ਦੂਜਾ ਪੁਰਸ਼ ਭੀ ਤਲਵਾਰ ਕੱਢ ਲਵੇ ਤਾਂ ਇਹ ਦੋਹਾਂ ਲਈ ਹਾਨੀਕਾਰਕ ਹੈ।

ਇਕ ਹੋਰ ਪੁਰਸ਼ ਹੈ ਜੋ ਜਿਸ ਚੀਜ਼ ਦਾ ਜ਼ਿਕਰ ਕਰਦਾ ਹੈ ਉਸਦੀ ਅਸਲੀਅਤ ਤੋਂ ਹੱਛੀ ਤਰਾਂ ਜਾਣੂੰ ਹੈ, ਉਸਦਾ ਕਥਨ ਹੈ ਆਕਰਖਣ ਸ਼ਕਤੀ(ਖਿੱਚ ਦਾ ਕਾਨੂਨ) ਆਮ ਤਰਾਂ ਨਾਲ ਕਰਮਾਂ ਦੇ. ਹਰ ਵਿਭਾਗ ਵਿਚ ਕੰਮ ਕਰਦਾ ਹੈ ਅਰ ਜਿਸ ਚੀਜ਼ ਦੀ ਅਸੀ ਇੱਛਾ ਜਾਂ ਆਸ ਕਰਦੇ ਹਾਂ ਉਸੇ ਨੂੰ ਅਸੀ ਆਪਣੇ ਵੱਲ ਖਿੱਚਦੇ ਹਾਂ। "ਜੇਹਾ ਭਾਉ ਤੇਹਾ ਫਲ ਪਾਇਆ" ਜੇਕਰ ਅਸੀ ਇੱਛਾ ਇਕ ਚੀਜ਼ ਦੀ ਕਰੀਏ ਅਰ ਆਸ ਦੂਜੀ ਚੀਜ਼ ਦੀ ਰੱਖੀਏ ਤਾਂ ਅਸੀ ਅਜੇਹੇ ਖਾਨਦਾਨਾਂ ਵਰਗੇ ਹਾਂ ਜਿੱਥੇ ਆਪੋ ਵਿਚ ਫੁਟ ਪਈ ਹੋਈ ਹੈ ਅਤੇ ਜੋ ਛੇਤੀ ਹੀ ਉੱਜੜ ਪੁੱਜੜ ਜਾਂਦੇ ਹਨ। ਸੱਚ ਹੈ ਜੋ ਪੁਰਸ਼ ਬੁਰਾਈ ਦਾ ਬੀ

ਬੀਜ ਕੇ ਨੇਕੀ ਤੇ ਅੱਖ ਰੱਖਦਾ ਹੈ ਮਾਨੋਂ ਉਸ ਪੁਰਸ਼ ਨੇ ਬੇਅਰਥ ਸੋਚ ਸੋਚੀ ਅਤੇ ਨਿਕੰਮਾ ਖਿਆਲ ਕੀਤਾ ਹੈ। ਯਥਾ:-"ਲੋੜੇ ਦਾਖ ਬਿਜਉਰੀਆ ਕਿਕਰ ਬੀਜੇ ਜਟ।

ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟ।"

ਜੋ ਕੁਝ ਤੁਸੀ ਚਾਹੁੰਦੇ ਹੋ ਸੋ ਪੱਕੀ ਤਰਾਂ ਨਾਲ ਉਸੇ ਇਕ ਗੱਲ ਦੀ ਹੀ ਪੱਕੀ ਆਸ਼ਾ ਰੱਖੋ ਅਰ ਫੇਰ ਜੋ ਤੁਸੀ ਚਾਹੁੰਦੇ ਹੋ ਓਹੀ ਤੁਹਾਨੂੰ ਮਿਲ ਜਾਏਗਾ, ਚਾਹੇ ਕੋਈ ਖਿਆਲ ਤੁਹਾਡੇ ਦਿਲ ਦੇ ਅੰਦਰ ਹੋਵੇ। ਜਦੋਂ ਤਾਈਂ ਉਸ ਖਿਆਲ ਤੇ ਜੰਮੇਂ ਰਹੋਗੇ ਚਾਹੇ ਤੁਸੀ ਖੁਸ਼ਕੀ ਤੇ ਜਾਓ ਚਾਹੇ ਪਾਣੀ ਤੇ ਫਿਰੋ, ਤੁਸੀ ਜਾਣ ਬੁਝਕੇ ਜਾਂ ਨਾਂ ਜਾਣਕੇ ਆਪਣੇ ਵੱਲ ਉੱਸੇ ਚੀਜ਼ ਦੀ ਖਿੱਚ ਕਰੋਗੇ ਜੋ ਤੁਹਾਡੇ ਖਿਆਲ ਦੇ ਵਸ਼ੇਸ਼ ਗੁਣ ਨਾਲ ਪਿਆਰ ਰੱਖਦੀ ਹੈ। ਖਿਆਲ ਸਾਡੀ ਆਪਣੀ ਜਾਇਦਾਦ ਹਨ ਅਤੇ ਅਸੀ ਦ੍ਰਿੜ੍ਹਤਾ ਨਾਲ ਓਹਨਾਂ ਨੂੰ ਆਪਣੇ ਸੁਭਾਉ ਅਤੇ ਜੀ ਪਰਚਾਵਾਂ ਦੇ ਅਨੁਸਾਰ ਸਜਾ ਫਬਾ ਸਕਦੇ ਹਾਂ ਅਤੇ ਸ਼ੁਭ ਮਾਰਗ ਤੇ ਲਿਆ ਸਕਦੇ ਹਾਂ।

ਅਸਾਂ ਅਜੇ ਹੁਣੇ ਹੀ ਚਿੱਤ ਦੀ ਆਕਰਖਣ ਸ਼ਕਤੀ ਦਾ ਵਰਨਨ ਕੀਤਾ ਹੈ। ਮੁਰਾਦ ਪੂਰੀ ਹੋਣ ਦੀ ਆਸ ਨਾਲ ਮਿਲੀ ਹੋਈ ਸਿਰ ਤੋੜ ਲਗਨ ਦੀ ਸੂਰਤ ਵਿਚ ਖਿਆਲੀ ਤਾਕਤਾਂ ਦੀ ਸ਼ਕਤੀ (ਅਮਲ) ਨਾਲੋਂ ਵਧ ਜਾਂ ਘਟ "ਵਿਸਵਾਸ" ਕੋਈ ਹੋਰ ਵਸਤੂ ਨਹੀਂ। ਜਿੰਨਾ ਮਾਤ੍ਰ ਇਹ ਵਿਸਵਾਸ ਜਾਂ ਇਹ ਸਿਰ ਤੋੜ ਚਾਹਨਾਂ ਪੱਕੀ ਆਸ਼ਾ ਦੁਆਰਾ ਇਕ ਸਾਰ ਇਸਥਿਰ ਤੇ ਸੁਰਜੀਤ ਰਹਿੰਦੀ ਹੈ ਉਨੀ ਮਾਤ੍ਰ ਹੀ ਓਹ ਮੁਰਾਦ ਪੂਰੀ ਹੁੰਦੀ ਹੈ,

ਜਾਂ (ਇਉਂ ਕਹੋ ਕਿ) ਲੋੜਵੰਦੀ ਚੀਜ਼ ਪ੍ਰਾਪਤ ਹੋ ਜਾਂਦੀ ਹੈ ਜਾਂ ਅਦ੍ਰਿਸ਼ਜ ਰੂਪ ਵਿਚੋਂ ਦ੍ਰਿਸ਼ਯ ਸਰੂਪ ਵਿਚ ਆਣ ਪਲਟਦੀ ਹੈ, ਅਥਵਾ ਆਤਮਕ ਅਵਸਥਾ ਤਿਆਗ ਕੇ ਮਾਇਕ ਅਵਸਥਾ ਗ੍ਰਹਿਣ ਕਰ ਲੈਂਦੀ ਹੈ, ਪਰ ਜੇ ਇਸ ਵਿਖੇ ਜ਼ਰਾ ਭੀ ਸ਼ੱਕ ਸ਼ੁਬੇ ਜਾਂ ਅੰਦੇਸ਼ੇ ਦੀ ਪ੍ਰਵਿਰਤੀ ਹੋ ਜਾਵੇ ਤਾਂ ਜੋ ਵਸਤੂ ਕਿ ਪੈਹਲਾਂ ਅਤਜੰਤ ਬਲਵਾਨ ਸੀ ਹੁਣ ਏਨੀਂ ਨਿਰਬਲ ਅਤੇ ਨਸ਼ਟ ਹੋ ਜਾਵੇਗੀ ਕਿ ਓਹ ਕਦਾਚਿਤ ਮਲੂਮ (ਅਨਭਉ) ਹੀ ਨਹੀਂ ਹੋ ਸਕੇਗੀ, ਪੱਕੇ ਵਿਸ਼ਵਾਸ ਨਾਲ ਇਸਥਿਰ ਅਤੇ ਸੁਰਜੀਤ ਰੱਖਣ ਨਾਲ ਓਹ ਵਸਤੂ ਇਕ ਸ਼ਕਤੀ ਬਣ ਜਾਂਦੀ ਹੈ, ਸ਼ਕਤੀ ਭੀ ਇਕ ਖਿੱਚ ਕਰਨ ਵਾਲੀ, ਨਾਂ ਵੱਸ ਹੋਣ ਵਾਲੀ ਅਤੇ ਅਟੱਲ ਸਮਰੱਥਾ ਵਾਨ ਹੋ ਜਾਂਦੀ ਹੈ ਅਰ ਜਿੰਨੀ ਇਹ ਸ਼ਕਤੀ ਸਰਬ ਬਜ਼ਾਪਨੀ ਹੋਵੇਗੀ ਉਂਨੇਂ ਹੀ ਬਜੰਤ ਨਤੀਜੇ ਭੀ ਵੇਖਨ ਵਿਚ ਆਵਨਗੇ।

ਅਸੀ ਜ਼ਰੂਰ ਮਲੂਮ ਕਰ ਲਵਾਂਗੇ, ਕਿਉਂਕਿ ਅਸੀ ਜਲਦੀ ਨਾਲ ਅਜ ਕਲ ਹੀ ਪਤਾ ਕਰਨ ਲੱਗ ਪਏ ਹਾਂ ਕਿ ਧਰਮ ਜਾਂ ਵਿਸ਼ਵਾਸ ਦੇ ਬਾਰੇ ਵਿਚ ਜੋ ਵੱਡੀਆਂ੨ ਗੱਲਾਂ ਕਹੀਆਂ ਗਈਆਂ ਹਨ ਅਰ ਜੋ ਵੱਡੇ ੨ ਕੌਲ ਇਕਰਾਰ ਕੀਤੇ ਗਏ ਹਨ ਓਹ ਨਿਰੇ ਬੇਅਰਥ ਖਿਆਲ ਹੀ ਨਹੀਂ ਹਨ ਸਗੋਂ ਸਾਰੇ ਵੱਡੇ ੨ ਵਿਦਜਕ ਸਿਧਾਂਤ ਹਨ ਅਰ ਵੱਡੇ ੨ ਅਟੱਲ ਨਿਯਮਾਂ ਤੇ ਨਿਰਭਰ ਹਨ। ਅਸੀ ਆਪਣੇ ਵਿਗਜ਼ਾਨਕ (ਕੀਮੀਆਈ) ਤਜ-ਰਬਿਆਂ ਵਿਚ ਭੀ ਓਹ ਨਿਯਮ ਦਰਯਾਫਤ ਕਰਨ ਲੱਗੇ ਹਾਂ ਜੋ ਇਨ੍ਹਾਂ ਸ਼ਕਤੀਆਂ ਦਾ ਆਧਾਰ ਤੇ ਇਨ੍ਹਾਂ ਨੂੰ

ਆਪਣੇ ਅਧੀਨ ਰੱਖਣ ਵਾਲਾ ਹੈ ਅਰ ਹੁਣ ਅਸੀ ਉਨ੍ਹਾਂ ਨਿਯਮਾਂ ਨੂੰ ਘਟ ਤੋਂ ਘਟ ਕੁਝ ੨ ਬਿਨਾਂ ਸੋਚਨ ਸਮਝਨ ਦੇ ਨਹੀਂ ਸਗੋਂ ਸੋਚ ਸਮਝ ਕੇ ਵਰਤੋਂ ਵਿਚ ਲਿਆਉਣ ਲੱਗ ਪਏ ਹਾਂ, ਜਿਹਾ ਕਿ ਅਨੇਕਾਂ ਵਾਰੀ ਵੇਖਣ ਵਿਚ ਆਉਂਦਾ ਹੈ।

ਅੱਜ ਕਲ ਇੱਛਾ ਸ਼ਕਤੀ ਦੇ ਬਾਰੇ ਵਿਚ ਭੀ ਬਹੁਤ ਕੁਝ ਹੀਲ ਹੁੱਜਤ ਹੈ, ਬਹੁਤ ਵਾਰੀ ਇਹ ਵਰਨਨ ਕੀਤਾ ਗਿਆ ਹੈ ਕਿ ਇੱਛਾ ਸ਼ਕਤੀ ਮਾਨੋਂ ਆਪ ਹੀ ਇਕ ਸੁਤੰਤ੍ਰ ਸ਼ਕਤੀ ਹੈ, ਪਰ ਇਹ ਇਕ ਸ਼ਕਤੀ ਜਾਂ ਤਾਕਤ ਕੇਵਲ ਉਸ ਹਾਲਤ ਵਿਚ ਹੈ ਜਦੋਂ ਕਿ ਓਹ ਖ਼ਿਆਲ ਦੀਆਂ ਸ਼ਕਤੀਆਂ ਦੇ ਪ੍ਰਗਟ ਕਰਨ ਦੀ ਇਕ ਖ਼ਾਸ ਸੂਰਤ ਹੋਵੇ, ਕਿਉਂਕਿ ਇਸੇ ਸ਼ਕਤੀ ਦੁਆਰਾ ਹੀ ਜਿਸਨੂੰ ਅਸੀ "ਇੱਛਾ ਸ਼ਕਤੀ" ਸੱਦਦੇ ਹਾਂ ਖ਼ਿਆਲ ਜੰਮਦਾ ਅਰਥਾਤ ਧਿਆਨ ਟਿਕਦਾ ਹੈ ਅਤੇ ਕਿਸੇ ਖ਼ਾਸ ਪਾਸੇ ਵਲ ਅਦਲ ਬਦਲ ਹੁੰਦਾ ਹੈ ਅਰ ਜਿੰਨਾ ਇਹ ਖ਼ਿਆਲ ਏਸ ਤਰਾਂ ਜੰਮ ਕੇ ਕਿਸੇ ਖ਼ਾਸ ਪਾਸੇ ਵਲ ਲੱਗ ਜਾਂਦਾ ਹੈ ਓਨਾਂ ਹੀ ਆਪਣੇ ਨੀਯਤ ਕੀਤੇ ਕੰਮ ਕਰਨ ਵਿਖੇ ਸਫਲ ਹੁੰਦਾ ਹੈ।

ਇੱਛਾ ਸ਼ਕਤੀਆਂ ਭੀ ਇਕ ਤਰਾਂ ਨਾਲ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ, ਇਕ ਮਨੁਖਜਕ ਦੂਜੀ ਈਸ਼੍ਵਰੀ। ਮਨੁਖ ਦੀ ਇੱਛਾ ਸ਼ਕਤੀ ਨੂੰ ਅਸੀ ਸੁਖਾਲ ਵਾਸਤੇ ਆਪਣੀ ਨੀਚ ਭਾਵਨਾਂ ਆਖ ਸਕਦੇ ਹਾਂ ਅਰ ਇਹ ਓਹ ਭਾਵਨਾ ਅਰਥਾਤ ਇੱਛਾ ਹੈ ਜੋ ਕੇਵਲ ਸਥੂਲ ਤੇ ਸੂਖਮ ਸ੍ਰਿਸ਼ਟੀ ਦੇ ਅੰਦਰ ਵਧਦੀ ਫੁਲਦੀ ਹੈ, ਇਸਨੂੰ ਸਫੁਰਣ ਸ਼ਕਤੀ ਭੀ ਆਖ ਸਕਦੇ ਹਾਂ। ਇਹ ਉਸ ਪੁਰਸ਼ ਦੀ

ਭਾਵਨਾਂ ਹੈ ਜਿਸਨੂੰ ਕਿ ਹੁਣ ਤਾਈਂ ਇਹ ਮਲੂਮ ਨਹੀਂ ਕਿ ਕੇਵਲ ਅੰਤਰ ਬਾਹਜ ਇੰਦ੍ਰਿਆਂ ਗੋਚਰ ਜੀਵਨ ਨਾਲੋਂ ਹੋਰ ਵਧਕੇ ਭੀ ਇਕ ਉੱਚਾ ਜੀਵਨ ਹੈ ਅਰ ਜਦੋਂ ਅਸੀ ਇਸ ਉੱਚ ਜੀਵਨ ਨੂੰ ਸਮਝ ਲੈਂਦੇ ਹਾਂ ਅਰ ਉਸਦੇ ਅਨੁਸਾਰ ਅਮਲ ਕਰਨ ਲੱਗਦੇ ਹਾਂ ਤਾਂ ਫੇਰ ਇਹ ਅਨ-ਭਵ ਸ਼ਕਤੀ ਨਾਂ ਘਟਦੀ ਹੈ ਅਤੇ ਨਾਂ ਹੀ ਇਸਦਾ ਅਭਾਵ ਹੁੰਦਾ ਹੈ, ਸਗੋਂ ਉਲਟ ਇਸਦੇ ਇਹ ਅਨਭਉ ਅਤਯੰਤ ਉੱਚੀ ਪੂਰਨਤਾ ਨੂੰ ਪੁਚਾ ਦਿੰਦਾ ਹੈ। ਅਰ ਪਰਮ ਆਨੰਦ ਪ੍ਰਾਪਤ ਈਸ਼੍ਵਰੀ ਭਾਵਨਾਂ ਉੱਚ ਆਪੇ ਦੀ ਭਾਵਨਾਂ ਹੈ, ਅਰ ਥਾਤ ਅਜੇਹੇ ਪੁਰਸ਼ ਦੀ ਭਾਵਨਾਂ (ਇੱਛਾ) ਜੋ ਈਸ਼੍ਵਰ ਨਾਲ ਆਪਣੀ ਏਕਤਾ ਨੂੰ ਪਛਾਨਦਾ ਹੈ ਅਰ ਜੋ ਈਸੇ ਕਰਕੇ ਹਰ ਇਕ ਕੰਮ ਵਿਖੇ ਆਪਣੀ ਇੱਛਾ ਨੂੰ ਈਸ਼੍ਵਰੀ ਇੱਛਾ (ਰਜ਼ਾ) ਦੇ ਅਧੀਨ ਰੱਖਦਾ ਹੈ: "ਤੇਰਾ ਮਾਲਕ ਸਰਵ ਸ਼ਕਤੀਮਾਨ ਈਸ਼੍ਵਰ ਪ੍ਰਮਾਤਮਾਂ ਤੇਰੇ ਅੰਦਰ ਹੈ"।

ਮਨੁਸ਼ ਭਾਵਨਾਂ ਦੀ ਇਕ ਹੱਦ ਹੈ, ਜਿਸਦੇ ਲਈ ਕਾਨੂਨ ਆਖਦਾ ਹੈ ਕਿ ਏਥੋਂ ਤਾਈਂ ਜਾ ਸਕਦੀ ਹੈ ਇਸਤੋਂ ਅੱਗੇ ਨਹੀਂ, ਪਰ ਈਸ਼੍ਵਰੀ ਭਾਵਨਾਂ ਲਈ ਕੋਈ ਹੱਦ ਨਹੀਂ, ਇਹ ਸਭ ਤੋਂ ਉੱਤਮ ਹੈ। ਕਾਨੂਨ ਦਾ ਹੁਕਮ ਹੈ ਕਿ ਸਾਰੀਆਂ ਚੀਜ਼ਾਂ ਤੁਹਾਡੇ ਸਾਮਣੇ ਪ੍ਰਗਟ ਹਨ ਅਤੇ ਤੁਹਾਡੇ ਅਧੀਨ ਹਨ ਅਰ ਇਸ ਵਾਸਤੇ ਮਨੁਸ਼ ਭਾਵਨਾਂ ਜਿਤਨੇ ਦਰਜੇ ਵਿਚ ਬਦਲਕੇ ਈਸ਼੍ਵਰੀ ਭਾਵਨਾਂ ਹੋ ਜਾਏਗੀ ਅਰ ਜਿੰਨਾ ਈਸ਼੍ਵਰੀ ਭਾਵਨਾਂ ਦੇ ਅਨੁਸਾਰ ਤੇ ਉਸ ਨਾਲ ਮਿਲਕੇ ਕੰਮ ਕਰੇਗੀ ਓਨੀ ਹੀ ਪਰਮ ਉੱਤਮ ਹੋ ਜਾਏਗੀ। ਉਸ ਵੇਲੇ ਇਹ ਹੋਵੇਗਾ ਕਿ ਜਿਸ ਚੀਜ਼ ਵਾਸਤੇ ਤੂੰ ਹੁਕਮ

ਕਰੇਂਗਾ ਤੈਨੂੰ ਓਹੀ ਮਿਲ ਜਾਏਗੀ। ਬੱਸ ਜੀਵਨ ਅਤੇ ਤਾਕਤ ਦਾ ਵੱਡਾ ਗੁੱਝਾ ਭੇਤ ਇਹ ਹੈ ਕਿ ਹਰ ਇਕ ਪੁਰਸ਼ ਉਸ ਅਪਾਰ ਪ੍ਰਮਾਤਮਾਂ ਨਾਲ ਆਪਣੇ ਆਤਮਾਂ ਦਾ ਸੰਬੰਧ ਪ੍ਰਗਟ ਕਰੇ ਤੇ ਉਸ ਵਿਚ ਇਸਥਿਤ ਰਹੇ।

ਹਰ ਇਕ ਜੀਵਨ ਦੀ ਸ਼ਕਤੀ ਸਗੋਂ ਖਾਸ ਜੀਵਨ ਜਿਸ ਚੀਜ਼ ਨਾਲ ਸੰਬੰਧ ਰੱਖਦਾ ਹੈ ਉਸਦੇ ਅਨੁਸਾਰ ਹੁੰਦਾ ਹੈ, ਈਸ਼੍ਵਰ ਅਕਾਲ ਪੁਰਖ ਸਾਡੇ ਅੰਦਰ ਮੌਜੂਦ ਹੈ ਅਤੇ ਨਾਲੇ ਸਾਡੇ ਬਾਹਰ ਭੀ। ਓਹ ਰਚਨਹਾਰ ਹੈ, ਕਰਨਹਾਰ ਹੈ ਤੇ ਬ੍ਰਹਮੰਡ ਭਰ ਦਾ ਹੀ ਨਿਅੰਤਾ (ਪ੍ਰੇਰਕ) ਹੈ ਤੁਸਾਡੇ ਜੀਵਨ ਵਿਚ ਅਤੇ ਮੇਰੇ ਜੀਵਨ ਵਿਖੇ, ਠੀਕ ਓਸੇ ਤਰਾਂ ਜਿਸਤਰਾਂ ਕਿ ਓਹ ਸਦੀਵ ਕਰਦਾ ਚਲਾ ਆਯਾ ਹੈ। ਹੋ ਸਕਦਾ ਹੈ ਕਿ ਅਸੀ ਉਸਨੂੰ ਇਕ ਪ੍ਰਦੇਸੀ ਮਾਲਕ ਵਾਂਗ ਖਿਆਲ ਕਰ ਲਵੀਏ ਅਰਥਾਤ ਓਹ ਆਪ ਇਸ ਵੱਡੀ ਸ੍ਰਿਸ਼ਟੀ ਰਚਨਾਂ ਦੀਆਂ ਸ਼ਕਤੀਆਂ ਨੂੰ ਕਾਰਰਵਾਈ ਵਿਚ ਲਗਾ ਗਿਆ ਅਤੇ ਆਪ ਚਲਾ ਗਿਆ।

ਪਰ ਜਿੰਨਾ ਅਸੀ ਉਸਨੂੰ ਅੰਦਰ ਬਾਹਰ ਹਾਜ਼ਰ ਨਾਜ਼ਰ ਮੰਨਾਂਗੇ ਓਨਾਂ ਹੀ ਅਸੀ ਉਸਦੇ ਜੀਵਨ ਅਤੇ ਸ਼ਕਤੀਆਂ ਦੇ ਭਾਗੀ ਹੋ ਸਕਾਂਗੇ, ਕਿਉਂਕਿ ਜਿੰਨਾ ਅਸੀ ਉਸਨੂੰ ਜੀਵਨ ਅਤੇ ਬਲ ਦੀ ਅਥਾਹ ਆਤਮਾਂ ਮੰਨਾਂਗੇ ਅਰਥਾਤ ਜੋ ਅੱਜ ਐਨ ਏਸ ਵੇਲੇ ਅੰਦਰ ਅਤੇ ਸਭ ਦੇ ਵਿਚ ਕੰਮ ਕਰ ਰਹੀ ਹੈ ਅਤੇ ਪ੍ਰਗਟ ਹੋ ਰਹੀ ਹੈ ਅਰ ਫੇਰ ਜਿੰਨਾ ਅਸੀ ਆਪਣੇ ਜੀਵਨ ਅਤੇ ਉਸ ਉੱਚ ਜੀਵਨ ਨੂੰ ਇਕ ਸਮਝਾਂਗੇ, ਓਨਾਂ ਹੀ ਅਸੀ ਉਸਦੇ ਜੀਵਨ ਦੇ

ਭਾਗੀ ਬਨਾਂਗੇ ਅਤੇ ਏਸੇ ਤਰਾਂ ਨਾਲ ਉਸਦੇ ਗੁਣਾਂ ਨੂੰ ਆਪਣੇ ਅੰਦਰ ਵਰਤਾਵਾਂਗੇ। ਜਿੰਨਾ ਅਸੀ ਏਸ ਅੰਦਰਲੇ ਬਾਹਰਲੇ ਜੀਵਨ ਦੀ ਪ੍ਰਵਿਰਤ ਹੋਨ ਵਾਲੀ ਰੌ ਨੂੰ ਆਪਣੇ ਅੰਦਰ ਆਉਣ ਦੇਵਾਂਗੇ ਉਨਾਂ ਹੀ ਏਸ ਗੱਲ ਦਾ ਵਸੀਲਾ ਬਣਾਂਗੇ ਕਿ ਅਥਾਹ ਬਲ ਅਤੇ ਬੁੱਧੀ ਸਾਡੇ ਅਦਰ ਕੰਮ ਕਰ ਸਕੇ।

ਮਨ ਦੀ ਸਹੈਤਾ ਨਾਲ ਹੀ ਅਸੀ ਅਸਲੀ ਆਤ-ਮਕ ਜੀਵਨ ਨੂੰ ਸਰੀਰਕ ਜੀਵਨ ਨਾਲ ਸੰਬੰਧ ਦੇ ਸਕਦੇ ਹਾਂ ਅਤੇ ਇਸੇ ਤਰਾਂ ਆਤਮਕ ਜੀਵਨ ਨੂੰ ਸ੍ਰੀਰਕ ਜੀਵਨ ਦੁਆਰਾ ਪ੍ਰਗਟ ਹੋਣ ਅਤੇ ਕੰਮ ਕਰਨ ਦੇਂਦੇ ਹਾਂ, ਖਿਆਲੀ ਜੀਵਨ ਸਦੀਵ ਅੰਦ੍ਰ ਥੀਂ (ਇਲਹਾਮ ਦੇ ਤ੍ਰੀਕੇ ਨਾਲ) ਹੀ ਪ੍ਰਕਾਸ਼ ਵਾਨ ਹੋਣਾ ਹੈ। ਇਹ ਇਲਹਾਮੀ ਰੌਸ਼ਨੀ ਏਨੀਂ ਆ ਸਕਦੀ ਹੈ ਜਿੰਨੀ ਕਿ ਅਸੀ ਅੰਤਾ-ਕਰਣ ਦੀ ਸਹੈਤਾ ਦ੍ਵਾਰੇ ਈਸ਼੍ਵਰ ਨਾਲ ਆਪਣੇ ਏਕਤਾ ਸੰਬੰਧ ਦੀ ਪਛਾਣ ਕਰੀਏ, ਜਿਸ ਈਸ਼੍ਵਰ ਪ੍ਰਮਾਤਮਾਂ ਨੂੰ ਹਰ ਇਕ ਆਤਮਾਂ ਇਕੱਲੀ ਹਾਲੱਤ (ਨਜ਼ਾਰੇ ੨ ਰੂਪ) ਵਿਖੇ ਪ੍ਰਗਟ ਕਰਦੀ ਹੈ।

ਇਸ (ਏਕਤਾ ਵਾਲੇ ਗਜ਼ਾਨ) ਤੋਂ ਅਸਾਡੇ ਅੰਦ੍ਰ ਇਕ "ਪ੍ਰੇਰਨਾਂ ਸ਼ਕਤੀ" ਪ੍ਰਗਟ ਹੋਇਆ ਕਰਦੀ ਹੈ, ਜਿਸਨੂੰ ਅਸੀ "ਇਨਟਯੂਈਸ਼ਨ" ਜਾਂ ਜ਼ਮੀਰ (ਆਤਮਾਂ ਦੀ ਅਵਾਜ਼) ਜਾਂ ਇਲਹਾਮ ਆਖਦੇ ਹਾਂ, ਆਤਮਕ ਸੁਭਾਉ ਅਤੇ ਆਤਮ ਵਿਖੇਣੀ ਬੁੱਧੀ ਦੇ ਵਾਸਤੇ ਇਲ-ਹਾਮ (ਅਕਾਸ਼ ਬਾਣੀ) ਅਮਲੀ ਤੌਰ ਤੇ ਉਸੀ ਤਰਾਂ ਕੰਮ ਦੇਂਦਾ ਹੈ ਜਿਸਤਰਾਂ ਨਾਲ ਕਿ ਬਾਹਜ। "ਸੋਚ ਵਿਚਾਰ"

ਵਿਖਜ ਅਵਿਲੰਬਨੀ ਮਤ ਤੇ ਬੁੱਧੀ ਲਈ ਕੰਮ ਆਉਂਦੀ ਹੈ। ਇਹ ਪ੍ਰੇਰਨਾਂ ਸ਼ਕਤੀ ਇਕ ਅੰਤ੍ਰੀਵ ਆਤਮਕ ਗਜ਼ਾਨ ਹੈ, ਜਿਸ ਦੁਆਰਾ ਮਨੁਸ਼ ਨੂੰ ਈਸ਼ੁਰ ਪ੍ਰਮਾਤਮਾਂ ਦਾ ਅੰਨ-ਭਉ ਤੇ ਵਿਗਿਆਨ ਪ੍ਰਾਪਤ ਹੋਔਂਦਾ ਅਤੇ ਉਸਦੀ ਕੁਦਰਤ ਅਤੇ ਜੀਵਨ ਦੇ ਗੁੱਝੇ ਭੇਤਾਂ ਦਾ ਸਾਫ ੨ ਪਤਾ ਲੱਗ ਜਾਂਦਾ ਹੈ ਅਰ ਜਿਸ ਕਰਕੇ ਮਨੁਖ ਈਸ਼੍ਵਰ ਪ੍ਰਮਾ-ਤਮਾਂ ਨਾਲ ਏਕਤਾ ਅਤੇ ਪਿਆਰ ਮਲੂਮ ਕਰ ਲੈਂਦਾ ਹੈ ਅਤੇ ਆਪਣੇ ਦੈਵੀ ਸੁਭਾਵ ਅਤੇ ਉੱਚ ਜੀਵਨ ਨੂੰ ਸਮ-ਝਨ ਲੱਗ ਪੈਂਦਾ ਹੈ ਕਿ ਅਸਲ ਵਿਚ ਓਹ ਉਸ ਪ੍ਰਮਾ-ਤਮਾਂ ਦਾ ਪੁਤ੍ਰ ਸੰਪੁਤ੍ਰ ਹੈ ਅਤੇ ਰੱਬੀ ਇਲਹਾਮ ਦੁਆਰਾ ਉਸ ਅੰਤ੍ਰੀਵ ਆਤਮਾਂ ਨੂੰ ਪੂਰਨ ਕਰਨ ਤੋਂ ਆਤਮਕ ਵਡਿਆਈ ਅਤੇ ਸੱਚਾ ਨੂਰ (ਪ੍ਰਕਾਸ਼) ਜੋ ਦੈਵੀ ਇਸ-ਥਿਤੀ (ਅੰਤਰਮੁਖਤਾ) ਦੇ ਅਧੀਨ "ਪ੍ਰੇਰਨਾਂ ਸ਼ਕਤੀ" ਦੀ ਪੂਰਨਤਾ ਤਥਾ ਉੱਨਤੀ ਦੁਆਰੇ ਇਉਂ ਅਨਭਉ ਹੋਇਆ ਹੈ, ਉਸ (ਅਨਭਉ) ਤੋਂ ਪੂਰਨ ੨ ਅੰਤ੍ਰੀਵ ਦ੍ਰਿਸ਼ਟੀ ਅਰ ਸਾਰੀਆਂ ਬਾਤਾਂ ਦਾ ਪ੍ਰਯੋਜਨ ਸਮਿੱਗ੍ਰੀ ਤੇ ਓਹਨਾਂ ਗੱਲ੍ਹਾਂ ਦੀਆਂ ਹਾਲਤਾਂ ਦਾ ਅੰਤ੍ਰੀਵ ਗਜ਼ਾਨ ਪ੍ਰਾਪਤ ਹੋ ਜਾਂਦਾ ਹੈ ਜਿਨ੍ਹਾਂ ਵੱਲ ਕਿ ਅਸਾਡੀ ਸੁਰਤ (ਤ੍ਰਜੋ) ਅਤੇ ਲਗਨ ਲੱਗੀ ਹੁੰਦੀ ਹੈ । ਭਾਵ ਇਹ ਕਿ ਉਸ ਅਨਭਉ ਕਰਕੇ ਜਿਨ੍ਹਾਂ ਚੀਜ਼ਾਂ ਤੇ ਮਨੁਸ਼ ਵਿਚਾਰ ਕਰਦਾ ਰਹਿੰਦਾ ਹੈ ਓਹਨਾਂ ਦੀ ਅਸਲੀਅਤ ਅਤੇ ਭਾਵ ਆਦ੍ਰਸ਼ ਨੂੰ ਸਦਾ ਲਈ ਹੱਛੀ ਤਰਾਂ ਸਮਝ ਲੈਂਦਾ ਹੈ। ਅਸੀ ਫੇਰ ਭੀ ਆਖਦੇ ਹਾਂ ਕਿ ਇਹ ਆਤਮਕ ਅਨਭਵ ਸ਼ਕਤੀ ਜਿਸਦਾ ਰੁਖ ਅੰਦਰ ਨੂੰ ਹੈ ਇਸਤਰਾਂ ਹੈ ਜਿਸ-

ਤਰਾਂ ਕਿ ਸਰੀਰਕ ਅਨਭਵ ਸ਼ਕਤੀ ਦਾ ਰੁਖ਼ ਬਾਹਰ ਨੂੰ ਹੁੰਦਾ ਹੈ ਅਤੇ ਏਹੋ ਕਾਰਣ ਹੈ ਕਿ ਇਸ ਵਿਖੇ ਅਸਲੀ ਭਾਵ ਨੂੰ ਤਤਕਾਲ ਆਪਣੇ ਆਪ ਮਲੂਮ ਕਰਨ, ਸ੍ਵੀਕਾਰ ਕਰਨ (ਧਾਰਣ ਕਰਨ) ਅਤੇ ਜਾਨਨ ਦੀ ਸ਼ਕਤੀ ਇਸਨੂੰ ਪ੍ਰਾਪਤ ਹੈ ਅਤੇ ਵਾਕਫੀ ਦੇ ਬਾਹਰਲੇ ਕਾਰਨਾਂ ਨਾਲ ਉਸਦਾ ਕੁਝ ਸੰਬੰਧ ਨਹੀਂ ਹੈ, ਏਸੇ ਨੂੰ ਹੀ ਅਸੀ "ਪ੍ਰੇਰਨਾ ਸ਼ਕਤੀ" ਜਾਂ ਆਤਮ ਵਿਚਾਰ ਆਖਦੇ ਹਾਂ। ਸਾਰੀ ਇਲ-ਹਾਮੀ ਸਿਖ੍ਯਾ (ਆਤਮ ਵਿਦ੍ਯਾ) ਅਤੇ ਆਤਮਕ ਭੇਤ ਇਸ ਗੱਲ ਤੇ ਨਿਰਭਰ ਹਨ ਕਿ ਅਸੀ ਆਤਮਾਂ ਦੇ ਉਸ ਆਤਮਕ ਬਲ ਦੀ ਪਛਾਨ ਕਰੀਏ ਅਰ ਇਹ ਭੀ ਮੰਨੀਏਂ ਕਿ ਉਸ ਵਿਖੇ, ਏਹਨਾਂ ਗੁੰਝਲਾਂ ਦੇ ਖੋਲ੍ਹਨ ਤੇ ਕਬੂਲ ਕਰਨ ਸਮਝਨ ਦਾ ਬਲ ਹੈ। ਜੋ ਪੁਰਸ਼ ਇਸ ਗੱਲ ਨੂੰ ਹੱਛੀ ਤਰਾਂ ਜਾਣਦਾ ਹੈ ਕਿ ਓਹ ਅਤੇ ਉਸਦਾ ਸੱਚਾ ਪਿਤਾ ਅਰਥਾਤ ਪ੍ਰਮਾਤਮਾਂ ਆਤਮਾਂ ਦੇ ਤੇ ਆਤ-ਮਿਕ ਪ੍ਰਯੋਜਨ ਦੇ ਲਿਹਾਜ਼ ਨਾਲ ਇਕ ਹਨ, ਇਸ ਉੱਚ ਮਨੋਰਥ ਤੇ ਭਰੋਸੇ ਦੇ ਪੈਦਾ ਹੋਇਆਂ ਇਸਦੀ ਆਤਮਾਂ ਦੇ ਅੰਦਰ ਅੰਤ੍ਰੀਵ ਦ੍ਰਿਸ਼੍ਟੀ ਦੁਆਰਾ ਘਟ ਘਟ ਦੇ ਜਾਨਨ ਹਾਰ ਪ੍ਰਮਾਤਮਾਂ ਵਲੋਂ ਇਲਹਾਮ ਅਤੇ ਪ੍ਰਕਾਸ਼ ਹੋਨ ਲੱਗ ਪੈਂਦਾ ਹੈ ਅਰ ਸਰਬ ਸ਼ਕਤੀਵਾਨ ਈਸ਼੍ਵਰ ਅਕਾਲਪੁਰਖ ਦੇ ਪ੍ਰਕਾਸ਼ ਦੀ ਸਾਥੀ ਸ਼ਕਤੀ ਭੀ ਉਸ ਵਿਚ ਪ੍ਰਗਟ ਹੋਨ ਲੱਗ ਪੈਂਦੀ ਹੈ ਅਰ ਜਿਸ ਕਰਕੇ ਓਹ ਤ੍ਰੈ ਕਾਲ ਦਾ ਦ੍ਰਿਸ਼੍ਟਾ (ਕਰਾਮਾਤ ਦਾ ਧਨੀ) ਅਤੇ ਮਾਲਕ ਬਣ ਜਾਂਦਾ ਹੈ।

ਇਸ ਅਨਭਉ ਗੰਮ ਆਤਮਕ ਜੀਵਨ ਦੇ ਉਸ

ਉੱਚ ਮੈਦਾਨ ਤੇ ਸੀਤਕ ਮਨ ਅਸਰੀਰੀ(ਸੂਖ਼ਮ)ਸੁਭਾਵ ਨੂੰ ਧਾਰਣ ਕਰ ਲੈਂਦਾ ਹੈ ਅਤੇ ਬਿਨਾਂ ਕਿਸੇ ਰੋ ਰਿਆਇਤ ਦੇ ਖੁੱਲ੍ਹੀ ਸੁਤੰਤ੍ਰਤਾ ਦ੍ਰਿਸ਼ਟੀ ਨਾਲ ਕੰਮ ਕਰਦਾ ਹੈ, ਅਸਲ ਹਕੀਕਤ ਨੂੰ ਪੈਂਦੇ ਸੱਟ ਹੀ ਸਮਝ ਲੈਂਦਾ ਹੈ ਅਤੇ ਗਿਆਨ ਦੇ ਬਾਹਰਲਿਆਂ ਵਸੀਲਿਆਂ ਦੀ ਕੁਝ ਲੋੜ ਨਹੀਂ ਰਖਦਾ। ਈਸ਼੍ਵਰੀ ਹੋਣ ਕਰਕੇ ਹਰ ਇਕ ਚੀਜ਼ ਤੇ ਹਰ ਇਕ ਜੀਵਨ ਤੇ ਪਹੁੰਚ ਕਾਰਣ- ਦੈਵੀ ਪੂਰਣ ਪ੍ਰਕਾਸ਼ ਦੇ ਚਾਨਣੇ ਵਿਖੇ ਸਭ ਕੁਝ ਸਾਫ ਸਾਫ ਨਜ਼ਰ ਆ ਜਾਂਦਾ ਹੈ। ਬ੍ਰਹਮਾਂਡੀ ਮਨ ਦੇ ਸਿੱਧੇ ਪ੍ਰਕਾਸ਼ ਨਾਲ ਜਿਸ ਲਈ ਕਿ ਆਤਮਾਂ ਅੰਦਰੇ ਅੰਦਰ ਰੂਹਾਨੀ ਇੰਦ੍ਰੇ (ਪ੍ਰੇਰਨਾਂ ਸ਼ਕਤੀ) ਦੀ ਰਾਹੀਂ ਪ੍ਰਕਾਸ਼ਤ ਹੋ ਜਾਂਦਾ ਹੈ ਤਾਂ ਹਰ ਇਕ ਸ਼ੈ ਦਾ ਰੱਬੀ ਭਾਵ ਅਤੇ ਉਸਦੀ ਅਸਲੀ ਹਕੀਕਤ ਐਸੀ ਹੱਛੀ ਤਰਾਂ ਖੁੱਲ੍ਹ ਜਾਂਦੀ ਹੈ ਜੈਸੀ ਦੀ ਜੈਸੀ ਕਿ ਇਹ ਅੰਤ੍ਰ- ਯਾਮੀ ਦੇ ਹ੍ਰਿਦੇ ਵਿਚ ਹੁੰਦੀ ਹੈ। ਕਈ ਲੋਕ ਇਸਨੂੰ ਆਤਮਾਂ ਦੀ ਅਵਾਜ਼ (ਅਕਾਸ਼ ਬਾਣੀ) ਆਖਦੇ ਹਨ, ਤੇ ਕਈ ਇਸਨੂੰ ਰੱਬੀ ਅਵਾਜ਼ (ਧੁਰ ਦੀ ਬਾਣੀ)ਕਹਿੰਦੇ ਹਨ ਅਰ ਕਈ ਇਸਨੂੰ ਛੇਵਾਂ ਗਿਆਨ ਇੰਦ੍ਰਾ ਆਖਦੇ ਹਨ, ਇਹ ਸਾਡਾ ਅੰਤ੍ਰੀਵੀ ਆਤਮਕ ਗਿਆਨ ਇੰਦ੍ਰਾ ਹੈ।

ਜਿੰਨਾ ਅਸੀ ਆਪਣੀ ਅਸਲੀ ਹਕੀਕਤ ਨੂੰ ਮਲੂਮ ਕਰੀਏ ਅਤੇ ਆਪਣਾ ਉਸ ਅਪਾਰ ਪ੍ਰਮਾਤਮਾਂ ਦੇ ਜੀਵਨ ਨਾਲ ਏਕਤਾ ਦਾ ਸੰਬੰਧ ਸਮਝੀਏ ਅਰ ਜਿੰਨਾ ਅਸੀ ਇਸ ਈਸ਼੍ਵਰੀ ਰੌ ਨੂੰ ਆਪਣੇ ਅੰਦਰ ਆਉਣ ਦੇਵੀਏ ਓਨਾਂ ਹੀ ਇਹ ਪ੍ਰੇਰਨਾਂ ਸ਼ਕਤੀ ਦੀ ਅਵਾਜ਼, ਆਤਮਾਂ ਦੀ ਅਵਾਜ਼ ਤੇ ਪ੍ਰਮਾਤਮਾਂ ਦੀ ਅਵਾਜ਼

ਸਾਫ ਸਾਫ ਹਦਾਇਤ ਕਰਦੀ ਹੈ 'ਅਰ ਜਿੰਨਾ ਅਸੀ ਇਸਦੀ ਮੌਜੂਦਗੀ ਦੀ ਪਛਾਨ ਕਰੀਏ ਅਤੇ ਇਸਨੂੰ ਬੜੇ ਧਿਆਨ ਨਾਲ ਸੁਣੀਏਂ ਅਤੇ ਉਸਦੀ ਤਾਮੀਲ ਅਰਥਾਤ ਆਗਜ਼ਾ ਅਨੁਸਾਰ ਅਮਲ ਕਰੀਏ, ਉਨਾਂ ਇਹ ਸਦੀਵ ਜ਼ਿਆਦਾ ਸਫਾਈ ਨਾਲ ਹਦਾਇਤ ਕਰੇਗੀ। ਏਥੋਂ ਤਾਈਂ ਕਿ ਹੌਲੀ ਹੌਲੀ ਇਕ ਅਜੇਹਾ ਵੇਲਾ ਆ ਜਾਏਗਾ ਕਿ ਜਦੋਂ ਇਸਦੀ ਹਦਾਇਤ ਦੋਸ਼ ਰਹਿਤ ਅਤੇ ਸ਼ੁੱਧ ਹੋ ਜਾਏਗੀ।

ਰਿਦਾ ਨ ਮਾਲਿਕ ਦੇ ਸੰਗ ਮੇਲੇਂ,
ਕੀਕੁਰ ਕੌਲ ਰਿਦੈ ਖੁਲ੍ਹ ਜਾਇ।
ਉਹ ਮੁਕਤ, ਤੂੰ ਆਪ ਮੁਕਤ,
ਅਨ ਹੋਏ ਬੰਧਨ ਲਿਆ ਫਸਾਇ।
ਤੋੜ ਬੰਦ ਦੇਇ ਪਾੜ ਅੰਗਰਖੀ
ਸੀਨਾਂ ਮਾਲਿਕ ਨਾਲ ਲਗਾਇ।
ਉਸਨੂੰ ਮਿਲਿ; ਓਹ ਬਹੁਰਿ ਆਪ ਹੋ
ਗੁੱਝੀ ਸ਼ਕਤੀ ਲਿਹੋ ਜਗਾਇ ॥ ੧ ॥
ਛਪਜਾ ਲੱਖ ਕੱਖ ਦੇ ਓਹਲੇ
ਡੇਰ ਨ ਲੱਗੇ ਨਜਰੀ ਆਇ।
ਥੋੜ ਬਹੁੜ ਨਾਂ ਕਾਈ ਰਹਸੀ
ਜੋ ਚਾਹੇਂ ਸੋ ਭੀਤਰਿ ਪਾਇ।
ਮਾਯਾ ਨਟਨੀ ਖਟ ਪਟ ਠਟਨੀ
ਪੁਤਲੀ ਜੀਕੁਰ ਨਾਚ ਨਚਾਇ।
ਰਿਧਿ ਸਿਧਿ ਕਜਾ ਬਪੁਰੀ ਹੋਛੀ
ਜੋ ਤੁਝ ਸੋਂ ਆਕੀ ਰਹਿ ਜਾਇ ॥ ੨ ॥

੪–ਪੂਰਨ ਜੀਵਨ, ਸ੍ਰੀਰਕ ਅਰੋਗਤਾ ਅਤੇ ਬਲ

ਮਿਟੀ ਅਪਾਵਨਤਾ ਜਬਹਿ, ਬਹੁਰਿ ਅਪੂਰਣ ਤਾਇ ॥
ਪਾਪ ਤਾਪ ਮਨ ਤਨਹਿ ਕੇ ਬਿਨਸਹਿ ਸਹਜ ਸੁਭਾਇ॥੧॥
ਪੁਰਖੋਤਮ ਐਸੋ ਪੁਰਖ ਪਾਰਬ੍ਰਹਮ ਕੋ ਰੂਪ ।
ਪ੍ਰਭੁ ਅਭੂ ਸੰਭੂ ਮਹਾਂ, ਦੀਪਤਿ ਦਿਪਤ ਅਨੂਪ ॥ ੨ ॥

ਈਸ਼੍ਵਰ ਪ੍ਰਮਾਤਮਾਂ ਅਪਾਰ ਜੀਵਨ ਦੀ ਆਤਮਾਂ ਹੈ, ਜੇ ਅਸੀ ਇਸ ਜੀਵਨ ਵਿਖੇ ਸ਼ਰੀਕ ਹਾਂ ਅਤੇ ਇਸ ਜੀਵਨ ਦੀ ਈਸ਼੍ਵਰੀ ਰੌ ਨੂੰ ਆਪਣੇ ਅੰਦਰ ਆਉਣ ਦੇਣ ਦੀ ਸ਼ਕਤੀ ਰੱਖਦੇ ਹਾਂ ਤਾਂ ਜਿੱਥੋਂ ਤਾਈਂ ਜੀਵਨ ਦਾ ਸੰਬੰਧ ਹੈ, ਇਸਦੇ ਕੁਝ ਹੋਰ ਅਰਥ ਹਨ ਜੋ ਪਹਿਲੋਂ ਸਾਡੇ ਖਿਆਲ ਵਿਚ ਨਹੀਂ ਆ ਸਕੇ, ਕਿਉਂਕਿ ਇਹ ਸਾਫ ਪ੍ਰਗਟ ਹੈ ਕਿ ਇਹ ਅਪਾਰ ਜੀਵਨ ਦੀ ਆਤਮਾਂ ਸੁਤੇ ਹੀ ਅਜਿਹੀ ਹੈ ਕਿ ਉਸ ਵਿਖੇ ਕਿਸੇ ਰੋਗ ਦੀ ਪ੍ਰਵਿਰਤੀ ਨਹੀਂ ਹੋ ਸਕਦੀ ਅਰ ਜੇ ਇਹ ਗੱਲ ਠੀਕ ਹੈ ਤਾਂ ਜਿਸ ਸਰੀਰ ਵਿਖੇ ਇਹ ਆਤਮਾਂ ਦਾਖਲ ਹੈ ਅਰ ਜਿਸਦੇ ਅੰਦਰ ਇਹ ਸੁਤੰਤ੍ਰਤਾ ਨਾਲ ਵਰਤਦੀ ਰਹਿੰਦੀ ਹੈ, ਉਸ ਵਿਚ ਭੀ ਕਿਸੇ ਤਰਾਂ ਦਾ ਰੋਗ ਨਹੀਂ ਰਹਿ ਸਕਦਾ। ਆਦ ਵਿਖੇ ਸਾਨੂੰ ਇਹ ਜਾਨਣਾਂ ਉਚਿੱਤ ਹੈ ਕਿ ਜਿੱਥੋਂ ਤਕ ਸਰੀਰਕ ਜੀਵਨ ਦਾ ਸੰਬੰਧ ਹੈ,ਸੰਬੂਹ ਜੀਵਨ ਅੰਦਰੋਂ ਹੀ ਬਾਹਰ ਵਲ ਪ੍ਰਗਟ ਹੁੰਦਾ ਹੈ, ਇਹ ਇਕ ਅਟੱਲ ਤੇ ਇਕ ਰਸ ਨਿਯਮ ਹੈ "ਜੋ ਬ੍ਰਹਮੰਡੇ ਸੋਈ

ਪਿੰਡੇ" ਅਰ "ਆਪ ਸਤਿ ਕੀਆ ਸਭ ਸਤਿ" ਜਿਸਦਾ ਇਹ ਭਾਵ ਹੈ ਕਿ :"ਜਿਹਾ ਅੰਦਰ, ਉਜਿਹਾ ਹੀ ਬਾਹਰ" "ਜਿਹਾ ਕਾਰਨ ਉਜਿਹਾ ਹੀ ਕਾਰਜ" ਦੂਜੇ ਸ਼ਬਦਾਂਵਿਚ ਇਉਂ ਆਖੋ ਕਿ ਖਿਆਲ ਦੀਆਂ ਸ਼ਕਤੀਆਂ, ਭਿੰਨ ੨ ਮਾਨਸਕ ਹਾਲਤਾਂ ਅਤੇ ਜਜ਼ਬੇ (ਤਰੰਗ) ਸਾਰੇ ਦੇ ਸਾਰੇ ਹੌਲੀ ਹੌਲੀ (ਸ਼ਮਜ ਸਿਰ) ਆਪਣਾ ਅਸਰ ਸਰੀਰ ਤੇ ਪ੍ਰਗਟ ਕਰਦੇ ਹਨ।

ਕਿਸੇ ਪੁਰਸ਼ ਦਾ ਬਚਨ ਹੈ :-"ਅਜ ਕੱਲ ਇਸ ਗੱਲ ਦਾ ਬੜਾ ਚਰਚਾ ਸੁਣਨ ਵਿਚ ਆਉਂਦਾ ਹੈ ਕਿ ਮਨ ਸਰੀਰ ਤੇ ਬਹੁਤ ਕੁਝ ਅਸਰ ਰੱਖਦਾ ਹੈ, ਪਰ ਮੈਂ ਉਤਨਾ ਸਮਝਦਾ ਨਹੀਂ ਹਾਂ ਜਿਤਨਾ ਵਧਕੇ ਮੇਰਾ ਵਿਸ-ਵਾਸ ਏਸ ਗੱਲ ਪੁਰ ਹੈ। ਕੀ ਤੁਸੀ ਭੀ ਨਹੀਂ ਜਾਣਦੇ ? ਵੇਖੋ ਇਕ ਪੁਰਸ਼ ਤੁਹਾਨੂੰ ਅੱਚਨਚੇਤ ਕੋਈ ਬੁਰੀ ਖਬਰ ਸੁਣਾਵੇ ਤਾਂ ਤੁਹਾਡਾ ਚੇਹਰਾ ਪੀਲਾ ਪੈ ਜਾਂਦਾ ਹੈ, ਤੁਸੀ ਕੰਬਨ ਲੱਗ ਪੈਂਦੇ ਹੋ ਜਾਂ ਸ਼ੋਤ ਤੁਹਾਨੂੰ ਗਸ਼ੀ ਆ ਜਾਂਦੀ ਹੈ, ਪਰ ਇਹ ਖਬਰ ਤੁਹਾਨੂੰ ਤੁਹਾਡੇ ਅੰਤਸ਼ਕਰਨ ਦੁਆਰਾ ਹੀ ਦਿੱਤੀ ਗਈ ਹੈ। ਤੁਹਾਡਾ ਕੋਈ ਮਿੱਤ੍ਰ ਤੁਹਾਨੂੰ ਭੋਜਨ ਛਕਨ ਵੇਲੇ ਕੋਈ ਅਜੇਹੀ ਗੱਲ ਆਖ ਦੇਵੇ ਜੋ ਅਪ੍ਰਸੰਨ ਕਰਨ ਵਾਲੀ ਮਲੂਮ ਹੋਵੇ, ਇਸਨੂੰ ਸੁਣਕੇ ਤੁਸੀ ਦੁਖੀ ਹੋ ਜਾਂਦੇ ਹੋ। ਹੁਣੇ ਤਾਂ ਤੁਸੀ ਭੋਜਨ ਸੁਆਦ ਨਾਲ ਖਾਰਹੇ ਸੋ, ਪਰ ਜਯੋਂ ਹੀ ਅਸੀ ਕਹਿੰਦੇ ਹਾਂ ਇਹ ਗੱਲ ਸੁਣ-ਦਿਆਂ ਹੀ ਸਾਰੀ ਭੁੱਖ ਜਾਂਦੀ ਰਹਿੰਦੀ ਹੈ। ਬੱਸ ਜੋ ਕੁਝ ਤੁਹਾਨੂੰ ਕਿਹਾ ਗਿਆ ਸੀ ਓਹ ਤੁਹਾਡੇ ਮਨ ਅੰਦਰ ਖੁਭ ਗਿਆ ਅਤੇ ਉਸੇ ਕਰਕੇ ਤੁਹਾਡੇ ਤੇ ਅਸਰ ਪੈਦਾ ਹੋਯਾ।

ਲ ਤੌ ਹੋਰ ਉਦਾਹਰਣ ਲਓ, ਵੇਖੋ ਇਕ ਨੌਜੁਆਨ ਪੁਰਸ਼ ਪੈਰ ਰਗੜਦਾ ਹੋਯਾ ਜਾ ਰਿਹਾ ਹੈ ਅਰ ਰਸਤੇ ਵਿਚ ਜ਼ਰਾ ਜ਼ਰਾ ਜਿਨੀ ਰੋਕ ਤੇ ਠੋਕਰਾਂ ਖਾਂਦਾ ਜਾਂਦਾ ਹੈ, ਕੀ ਕਾਰਨ ? ਕੇਵਲ ਇਹ ਕਿ ਓਹ ਪੁਰਸ਼ ਨਿਰਬਲ ਮਨ ਵਾਲਾ ਹੈ ਅਤੇ ਉਸਦੇ ਹੋਸ਼ ਹਵਾਸ ਕਾਇਮ ਨਹੀਂ, ਜਾਂ ਇਓਂ ਕਹੋ ਕਿ ਮਨ ਦੀ ਥਿੜਕਵੀਂ ਦਸ਼ਾ ਤੋਂ ਸਰੀਰ ਦੀ ਥਿੜਕਵੀਂ (ਕੰਬੰਦੀ) ਦਸ਼ਾ ਉਤਪੱਤ ਹੁੰਦੀ ਹੈ, ਪੱਕੇ ਸੁਭਾਵ ਵਾਲੇ ਦਾ ਪੈਰ ਜਮਕੇ ਪੈਂਦਾ ਹੈ ਅਤੇ ਚੰਚਲ ਸੁਭਾਵ ਪੁਰਸ਼ ਦੇ ਪੈਰ, ਪੈਰ ਪੈਰ ਤੇ ਡੋਲਦੇ ਤੇ ਡਿੱਗਦੇ ਰਹਿੰਦੇ ਹਨ । ਯਥਾ :-"ਜੈਸੀ ਮਨਸਾ ਤੈਸੀ ਦਸਾ" ਗੁਰ ਸਿਧਾਂਤ ਭੀ ਹੈ । ਲਓ ਹੋਰ ਲਵੋ, ਯਥਾ ਇਕ ਅਚਾਨਕ ਬਿਪਤਾ ਆ ਪੈਂਦੀ ਹੈ, ਤੁਸੀ ਖਲੇ ਖਲੋਤੇ ਹੀ ਰਹ ਜਾਂਦੇ ਹੋ, ਕੰਬਨ ਲੱਗ ਪੈਂਦੇ ਹੋ ਅਤੇ ਡਰਦੇ ਮਾਰੇ ਬੇਕਰਾਰ ਜਿਹੇ ਹੋ ਜਾਂਦੇ ਹੋ। ਤੁਸੀ ਕਿਉਂ ਹਿਲ ਜੁਲ ਨਹੀਂ ਸਕਦੇ ਅਤੇ ਤੁਹਾਡੇ ਕੰਬਨ ਦਾ ਕਾਰਨ ਕੀ ਹੈ ? ਇਸਤੇ ਭੀ ਤੁਸੀ ਇਹ ਯਕੀਨ ਕਰਦੇ ਹੋ ਕਿ ਮਨ ਦਾ ਸਰੀਰ ਤੇ ਕੁਝ ਕੁ ਅਸਰ ਹੁੰਦਾ ਹੈ। ਫਰਜ਼ ਕਰੋ ਕਿ ਇਕ ਪਲਕ ਮਾਤ੍ਰ ਤਕ ਤੁਹਾਡੇ ਤੇ ਗੁੱਸੇ ਦੀ ਹਾਲਤ ਵਾਪਰੀ ਹੈ, ਉਸਦੇ ਕੁਝ ਕੁ ਘੰਟੇ ਪਿੱਛੋਂ ਤਾਈਂ ਤੁਸੀ ਸ਼ਕਾਇਤ ਕਰਦੇ ਰਹਿੰਦੇ ਹੋ ਕਿ ਹਾਇ ! ਸਖਤ ਸਿਰ ਪੀੜ ਹੋ ਗਈ ਹੈ ਅਰ ਫੇਰ ਭੀ ਤੁਸੀ ਇਹ ਨਹੀਂ ਸਮਝਦੇ ਕਿ ਖਯਾਲ ਅਤੇ ਵਾਸ਼ਨਾਂ ਸਰੀਰ ਤੇ ਕੀ ਅਸਰ ਰੱਖਦੇ ਹਨ।

ਇਕ ਦੋ ਦਿਨਾਂ ਦੀ ਗੱਲ ਹੈ ਕਿ ਇਕ ਮਿੱਤ੍ਰ ਨਾਲ ਗੱਲਾਂ ਕਰਦਿਆਂ ਹੋਇਆਂ ਅਸੀ ਪਰੇਸ਼ਾਨੀ ਜਾਂ ਦਿਲ

ਦੀ ਉਦਾਸੀ ਦਾ ਕਥਨ ਕਰ ਰਹੇ ਸਾਂ, ਉਸਨੇ ਕਿਹਾ ਕਿ ਮੇਰੇ ਪਿਤਾ ਦੇ ਚਿੱਤ ਅੰਦਰ ਸੋਚ ਫਿਕਰ ਦੀ ਵੱਡੀ ਵਾਦੀ ਹੈ। ਮੈਂ ਉੱਤਰ ਦਿੱਤਾ ਕਿ ਤੁਹਾਡੇ ਪਿਤਾ ਅਰੋਗ ਨਹੀਂ ਅਤੇ ਨਾਂ ਓਹ ਪੱਕੇ ਬਲਵਾਨ ਰਿਸ਼ਟ ਪੁਸ਼ਟ ਅਤੇ ਚੁਸਤ ਚਲਾਕ ਹਨ, ਫੇਰ ਮੈਂ ਉਸਦੇ ਸਾਹਮਣੇ ਉਸਦੇ ਪਿਤਾ ਦੀ ਹਾਲਤ ਜ਼ਿਆਦਾ ਵੇਰਵੇ ਨਾਲ ਵਰਨਨ ਕਰਨ ਲੱਗਾ ਅੰਤੇ ਓਹਨਾਂ ਤਕਲੀਫਾਂ ਦਾ ਵਰਨਨ ਕੀਤਾ ਜੋ ਉਸਨੂੰ ਸਤਾਂਦੀਆਂ ਰਹਿੰਦੀਆਂ ਹਨ, ਓਹ ਹੈਰਾਨ ਹੋਕੇ ਮੇਰੇ ਵਲ ਵੇਖਨ ਲੱਗਾ ਅਤੇ ਆਖਨ ਲੱਗਾ ਕਿ ਤੁਸੀ ਤਾਂ ਮੇਰੇ ਪਿਤ੍ਰਾ ਨੂੰ ਜਾਣਦੇ ਨਹੀਂ। ਮੈਂ ਉੱਤਰ ਦਿੱਤਾ ਨਹੀਂ ਮੈਂ ਨਹੀਂ ਜਾਣਦਾ ਤਾਂ ਓਸ ਕਿਹਾ ਜਿਸ ਰੋਗ ਕਰਕੇ ਓਹ ਦੁਖਿਤ ਹਨ ਤੁਸੀ ਉਸਦੀ ਬੀਮਾਰੀ ਨੂੰ ਇਸਤਰਾਂ ਠੀਕ ਠੀਕ ਕਿਸਤਰਾਂ ਦੱਸ ਸਕਦੇ ਹੋ? ਤਾਂ ਮੈਂ ਉੱਤਰ ਦਿਤਾ ਕਿ ਤੁਸਾਂ ਮੈਨੂੰ ਹੁਣੇ ਹੀ ਕਿਹਾ ਸੀ ਕਿ ਤੁਹਾਡੇ ਪਿਤਾ ਦੀ ਸੋਚ ਫਿਕਰ ਦੀ ਬੜੀ ਵਾਦੀ ਹੈ, ਜਦ ਤੁਸਾਂ ਇਹ ਕਿਹਾ ਤਾਂ ਮੈਨੂੰ ਇਸਦਾ ਕਾਰਨ ਮਲੂਮ ਹੋ ਗਿਆ। ਤੁਹਾਡੇ ਪਿਤਾ ਦੀ ਹਾਲਤ ਵਰਨਨ ਕਰਨ ਵਿਖੇ ਮੈਂ ਕੇਵਲ ਏਹ ਕੀਤਾ ਹੈ ਕਿ ਉਸਦੇ ਕਾਰਨ ਦੇ ਖਾਸ ਨਤੀਜੇ ਵਿਖਾ ਦਿਤੇ ਹਨ।

ਭੈ ਅਤੇ ਪਰੇਸ਼ਾਨੀ ਤੋਂ ਸਰੀਰ ਦੇ ਰਸਤੇ ਬੰਦ ਹੋ ਜਾਂਦੇ ਹਨ, ਏਥੋਂ ਤਾਈਂ ਕਿ ਜੀਵਨ ਦੀਆਂ ਤਾਕਤਾਂ ਸੁਸਤੀ ਅਤੇ ਢਿਲੇ ਪਨ ਨਾਲ ਕੰਮ ਕਰਦੀਆਂ ਹਨ। ਉਲਟ ਇਸਦੇ ਆਸ ਅਤੇ ਖੁਸ਼ਹਾਲੀ ਨਾਲ ਸਰੀਰ ਦੇ ਰਸਤੇ ਖੁੱਲ੍ਹ ਜਾਂਦੇ ਹਨ, ਏਥੋਂ ਤਾਈਂ ਕਿ ਜੀਵਨ ਦੀਆਂ

ਤਾਕਤਾਂ ਸਰੀਰ ਦੇ ਅੰਦਰ ਇਸਤਰਾਂ ਉਛਲਦੀਆਂ ਤੇ ਜੋਸ਼ ਮਾਰਦੀਆਂ ਹਨ ਕਿ ਰੋਗ ਸ਼ਾਇਦ ਹੀ ਆ ਸਕੇ ਅਤੇ ਆਪਣਾ ਦਬਾਉ ਪਾ ਸਕੇ।

ਬਹੁਤ ਸਾਰਾ ਚਿਰ ਨਹੀਂ ਹੋਇਆ ਕਿ ਇਕ ਇਸਤ੍ਰੀ ਮੇਰੇ ਇਕ ਮਿੱਤ੍ਰ ਨਾਲ ਆਪਣੀ ਇਕ ਸਖਤ ਸਰੀਰਕ ਤਕਲੀਫ ਦਾ ਜ਼ਿਕਰ ਕਰ ਰਹੀ ਸੀ, ਮੇਰਾ ਮਿੱਤ੍ਰ ਸੁਤੇ ਹੀ ਇਹ ਜਾਣਦਾ ਸੀ ਕਿ ਉਸ ਇਸਤ੍ਰੀ ਅਤੇ ਉਸਦੀ ਭੈਣ ਦੇ ਆਪੋ ਵਿਚ ਪਿਆਰ ਭਰੇ ਸੰਬੰਧ ਨਹੀਂ ਰਹੇ, ਜੋ ਤਕਲੀਫਾਂ ਉਸ ਇਸਤ੍ਰੀ ਨੇ ਵਰਨਨ ਕੀਤੀਆਂ ਉਸਨੇ ਓਹਨਾਂ ਨੂੰ ਬੜੇ ਧਿਆਨ ਨਾਲ ਸੁਣਿਆਂ ਅਰ ਫੇਰ ਠੀਕ ਉਸਦੇ ਚੇਹਰੇ ਵਲ ਵੇਖਕੇ ਇਕ ਕਰਾਰੀ ਪਰ ਮੁਹੱਬਤ ਭਰੀ ਅਵਾਜ਼ ਨਾਲ ਇਹ ਆਖਿਆ "ਆਪਣੀ ਭੈਣ ਦੇ ਅਪ੍ਰਾਧ ਦੀ ਖਿਮਾਂ ਕਰੋ," ਉਸ ਇਸਤ੍ਰੀ ਨੇ ਹੈਰਾਨ ਹੋਕੇ ਉਸ ਵਲ ਵੇਖਿਆ ਅਤੇ ਇਹ ਆਖਿਆ ਮੈਂ ਆਪਣੀ ਭੈਣ ਨੂੰ ਮੁਆਫ ਨਹੀਂ ਕਰ ਸਕਦੀ, ਉਸਨੇ ਉਸਦੇ ਉੱਤਰ ਵਿਖੇ ਇਹ ਆਖਿਆ "ਤਾਂ ਫੇਰ ਚੰਗਾ, ਜੋੜਾਂ ਦੀਆਂ ਪੀੜਾਂ ਅਤੇ ਅੰਗ ਜੂੜ੍ਹੀ ਦੀਆਂ ਤਕਲੀਫਾਂ ਭੁਗਤਦੇ ਜਾਓ।

ਕੁਝਕ ਦਿਨਾਂ ਪਿੱਛੋਂ ਓਹ ਇਸਤ੍ਰੀ ਫੇਰ ਉਸਨੂੰ ਮਿਲੀ "ਓਹ ਉਸ ਵੱਲ ਦਬੇ ਪੈਰੀਂ ਆਈ ਅਤੇ ਆਖਨ ਲੱਗੀ, ਮੈਂ ਤੇਰੀ ਸਿਖ੍ਯਾ ਨੂੰ ਮੰਨ ਲੀਤਾ, ਮੈਂ ਆਪਣੀ ਭੈਣ ਨਾਲ ਮਿਲੀ ਅਤੇ ਉਸਨੂੰ ਮੁਆਫ ਕਰ ਦਿੱਤਾ, ਹੁਣ ਸਾਡੇ ਵਿਚ ਫੇਰ ਪੂਰੀ ਪੂਰੀ ਸਫਾਈ ਅਤੇ ਮੁਹੱਬਤ ਹੋ ਗਈ ਹੈ ਅਤੇ ਮੈਨੂੰ ਯਾਦ ਹੈ ਕਿ ਜਿਸ ਦਿਨ ਸਾਡਾ

ਦੁਹਾਂ ਦਾ ਮਿਲਾਪ ਹੋਇਆ ਹੈ ਉਸੇ ਦਿਨ ਤੋਂ ਮੇਰੀਆਂ ਤਕਲੀਫਾਂ ਘਟ ਹੁੰਦੀਆਂ ਗਈਆਂ ਹਨ ਅਰ ਅਜ ਉਨ੍ਹਾਂ ਤਕਲੀਫਾਂ ਦਾ ਨਸ਼ਾਨ ਤਕ ਭੀ ਨਹੀਂ ਰਿਹਾ। ਪਤਾ ਨਹੀਂ ਕਾਰਨ ਕੀ ਹੈ ਅਰ ਅਸਲ ਵਿਚ ਸਾਡੇ ਦੋਹਾਂ ਭੈਣਾਂ ਵਿਚ ਏਨੀਂ ਡੂੰਘੀ ਪ੍ਰੀਤ ਹੋ ਗਈ ਹੈ ਕਿ ਹੁਣ ਅਸੀ ਇਕ ਦੂਜੀ ਬਿਨਾਂ ਬੜੀ ਕਠਨਾਈ ਨਾਲ ਰਹ ਸਕਦੀਆਂ ਹਾਂ" ਇਸਤੋਂ ਭੀ ਕਾਰਨ ਕਾਰਜ ਦਾ ਹੀ ਸੰਬੰਧ ਸਿੱਧ ਹੁੰਦਾ ਹੈ।

ਨਿਮਨ ਲਿਖਤ ਕਈ ਤਰਾਂ ਦੇ ਵਾਕਿਆਤ ਸੁਣਨ ਵਿਚ ਆਏ ਹਨ, ਜਿਨ੍ਹਾਂ ਦੀ ਪੂਰੀ੨ ਤਸਦੀਕ ਹੋ ਚੁਕੀ ਹੈ। ਕੁਝਕ ਚਿਰ ਲਈ ਇਕ ਬੱਚੇ ਦੀ ਮਾਤਾ ਤੇ ਅਤੀ ਹੀ ਗੁੱਸੇ ਦਾ ਬੇਗ ਆਇਆ, ਜਿਸਤੇ ਓਸਦਾ ਦੁਧ ਪੀਂਦਾ ਬੱਚਾ ਇਕ ਘੰਟੇ ਦੇ ਅੰਦਰ੨ ਮਰ ਗਿਆ, ਮਾਨੋਂ ਉਸ ਥੋਹੜੇ ਚਿਰ ਵਿਚ ਉਸਦੀ ਮਾਤਾ ਦੇ ਸਾਰੇ ਸਰੀਰ ਅੰਦਰ ਜ਼ੈਹਰ ਅਸਰ ਕਰ ਗਈ ਅਤੇ ਇਹ ਜ਼ੈਹਰ ਉਸਦੇ ਦੁਧ ਵਿਚ ਮਿਲ ਗਈ। ਏਸ ਤਰਾਂ ਦੀਆਂ ਹੋਰ ਹਾਲਤਾਂ ਵਿਚ ਇਸਤੋਂ ਸਖਤ ਬੀਮਾਰੀ ਅਤੇ ਅਕੜਾ ਆਦ ਰੋਗਾਂ ਦੇ ਚਿੰਨ੍ਹ ਪੈਦਾ ਹੋਏ ਹਨ।

ਇਕ ਪ੍ਰਸਿੱਧ ਵਿਗਿਆਨ ਗਿਆਤਾ ਨੇ ਨਿਮਨ ਲਿਖਤ ਪ੍ਰੀਖਿਆ ਕਈ ਵਾਰੀ ਕੀਤੀ: ਇਕ ਕਮਰੇ ਨੂੰ ਗਰਮੀ ਪੁਚਾਨ ਤੋਂ ਪਿੱਛੋਂ ਉਸ ਵਿਖੇ ਕਈ ਪੁਰਸ਼ ਰੱਖੇ ਗਏ, ਹਰ ਇਕ ਪੁਰਸ਼ ਤੇ ਇਕ ਪਲ ਵਾਸਤੇ ਕਿਸੇ ਨਾਂ ਕਿਸੇ ਤਰਾਂ ਦਾ ਖਾਸ ਜਜ਼ਬਾ (ਜੋਸ਼) ਪ੍ਰਬਲ ਸੀ, ਇਕ ਪੁਰਸ਼ ਅਤੀ ਹੀ ਕ੍ਰੋਧਤ ਸੀ ਅਤੇ ਦੂਜੇ ਲੋਕਾਂ ਵਿਚ ਹੋਰ

ਭਿੰਨ ਭਿੰਨ ਪ੍ਰਕਾਰ ਦੇ ਜਜ਼ਬੇ ਭਰੇ ਹੋਏ ਸਨ, ਪ੍ਰੀਖਿਆ ਕਰਨ ਵਾਲੇ ਨੇ ਇਹਨਾਂ ਵਿਚੋਂ ਹਰ ਇਕ ਆਦਮੀ ਦੇ ਸਰੀਰ ਤੋਂ ਮੁੜ੍ਹਕੇ ਦੀ ਬੂੰਦ ਲੀਤੀ ਤੇ ਧਿਆਨ ਨਾਲ ਕੀਮੀਆਈ ਨਿਰਖ੍ਹ ਪਰਖ ਕਰਨ ਦੁਆਰਾ ਉਸਨੇ ਹਰ ਇਕ ਪੁਰਸ਼ ਤੇ ਜੋ ਖਾਸ ਖਾਸ ਜਜ਼ਬਾ (ਅਸਰ) ਵਾਪਰਜਾ ਹੋਇਆ ਸੀ ਮਲੂਮ ਕੀਤਾ ਅਤੇ ਜਦ ਓਹਨਾਂ ਪੁਰਸ਼ਾਂ ਦੀ ਥੁੱਕ ਦੀ ਅੱਡ ਅੱਡ ਪ੍ਰੀਖਿਆ ਕੀਤੀ ਗਈ ਤਦ ਭੀ ਓਹੋ ਭਾਵ ਪ੍ਰਤੀਤ ਹੋਇਆ।

ਨਿਮਨ ਲਿਖਤ ਪ੍ਰੀਖਿਆ ਇਕ ਅਮਰੀਕਾ ਦੇ ਪ੍ਰਸਿੱਧ ਲੇਖਕ ਦੀ ਹੈ, ਇਹ ਸਾਡੇ ਇਕ ਬਹੁਤ ਵੱਡੇ ਡਾਕਟਰੀ ਕਾਲਜ ਦਾ ਯੋਗ ਮਾਨਨੀਯ ਅਤੇ ਮਾਨ ਪੱਤ੍ਰ ਪ੍ਰਾਪਤ ਪੁਰਸ਼ ਹੈ ਅਤੇ ਜੋ ਤਾਕਤਾਂ ਸਰੀਰ ਦੇ ਬਨਾਨ ਵਾਲੀਆਂ ਅਤੇ ਵਿਗਾੜਨ ਵਾਲੀਆਂਹਨ ਉਸਨੇ ਓਹਨਾਂ ਦੁਹਾਂ ਨੂੰ ਹੱਛੀ ਤਰਾਂ ਪੜ੍ਹਿਆ ਵਿਚਾਰਿਆ ਹੈ "ਮਨ ਜਾਂ ਅੰਤਸ਼ਕਰਨ ਸਰੀਰ ਦਾ ਕੁਦਰਤੀ ਰਾਖਾ ਹੈ, ਹਰ ਇਕ ਖਿਆਲ ਆਪਣਾ ਅਸਰ ਪੈਦਾ ਕਰਨਾ ਚਾਹੁੰਦਾ ਹੈ ਅਤੇ ਰੋਗ ਦੀਆਂ ਭਿਆਨਕ ਮਾਨਸਕ ਤਸਵੀਰਾਂ ਵਿਖਜ ਵਾਸ਼ਨਾਵਾਂ ਅਤੇ ਸਰਵ ਤਰਾਂ ਦੀਆਂ ਬੁਰਾਈਆਂ ਪੈਦਾ ਕਰਦਾ ਹੈ ਜੋ ਕਿ ਆਤਮਾਂ ਦੇ ਅੰਦਰ ਕੰਠ ਮਾਲਾ (ਹਜੀਰਾਂ) ਅਤੇ ਕੋੜ੍ਹ (ਜਜਾਮ) ਆਦਿਕ ਭਜਾਨਕ ਰੋਗ ਪੈਦਾ ਕਰਦੀਆਂ ਹਨ ਅਰ ਆਤਮਾਂ ਦੁਆਰਾ ਉਨ੍ਹਾਂ ਦਾ ਅਸਰ ਸਰੀਰ ਤੇ ਪ੍ਰਗਟ ਹੁੰਦਾ ਹੈ ਅਤੇ ਗੁੱਸੇ ਕਰਕੇ ਥੁੱਕ ਦੇ ਕੀਮੀਆਈ ਪਦਾਰਥ ਜ਼ੈਹਰ ਵਿਖੇ ਬਦਲ ਜਾਂਦੇ ਹਨ ਅਤੇ ਇਹ ਜ਼ੈਹਰ ਜੀਵਨ ਵਾਸਤੇ ਭਜਾਨਕ

ਵਿਗਾੜ ਦਾ ਕਾਰਨ ਅਤੇ ਮਾਰੂ ਹੁੰਦਾ ਹੈ।ਇਹ ਤਾਂ ਸਾਰੇ ਜਾਣਦੇ ਹਨ ਕਿ ਅੱਚਨਚੇਤ ਆਉਣ ਵਾਲੇ ਅਤੇ ਸਖਤ ਜਜ਼ਬਿਆਂ ਨਾਲ ਪੁਰਸ਼ ਦਾ ਦਿਲ ਕੁਝਕ ਘੰਟਿਆਂ ਵਿਚ ਨਿਰਬਲ ਹੀ ਨਹੀਂ ਹੋ ਗਿਆ, ਸਗੋਂ ਇਹ ਜਜ਼ਬੇ (ਦਿਲ ਦੇ ਜੋਸ਼) ਉਸਦੀ ਮੌਤ ਅਤੇ ਕਮਲਾਪਨ ਦੇ ਕਾਰਨ ਹੋਏ ਹਨ। ਵਿਗਿਆਨ ਗਿਆਤਾ ਸੱਜਨਾਂ ਨੇ ਪਤਾ ਕੀਤਾ ਹੈ ਕਿ ਜੋ ਪੁਰਸ਼ ਘੋਰ ਅਪ੍ਰਾਧੀ ਹੋਣ-ਤੇ ਸਖਤ ਪਸ਼ੇਮਾਨੀ ਦੇ ਕਾਰਨ ਅੱਚਨਚੇਤ ਠੰਢਾ ਪੈ ਜਾਂਦਾ ਅਤੇ ਮੁੜ੍ਹਕੋ ਮੁੜ੍ਹਕੀ ਹੋਜਾਂਦਾਹੈ, ਉਸਦੇ ਮੁੜ੍ਹਕੇ ਅਤੇ ਸਾਧਾਰਨ ਮੁੜ੍ਹਕੇ ਵਿਚ ਕੀਮੀਆਵੀ ਫਰਕ ਹੁੰਦਾ ਹੈ, ਅਤੇ ਬਾਜ਼ੇ ਵੇਲੇ ਇਕ ਅਪ੍ਰਾਧੀ ਦੇ ਮਨ ਦੀ ਦਸ਼ਾ ਉਸਦੇ ਮੁੜ੍ਹਕੇ ਦੇ ਕੀਮੀਆਈ ਅੰਸ਼ਾਂ ਤੋਂ ਠੀਕ ਠੀਕ ਮਲੂਮ ਹੋ ਸਕਦੀ ਹੈ। ਕਿਉਂਕਿ ਜਦੋਂ ਉਸ ਅਪ੍ਰਾਧੀ ਦਾ ਮੁੜ੍ਹਕਾ "ਸਲੈਨਕ ਐਸਡ" ਜੋ ਇਕ ਤਰਾਂ ਦੀ ਤੇਜ਼ਾਬ ਹੈ ਉਸਦੇ ਨਾਲ ਮਿਲਾਯਾ ਜਾਂਦਾ ਹੈ ਤਾਂ ਉਸਦਾ ਰੰਗ ਇਕ ਖਾਸ ਤਰਾਂ ਦਾ ਨਾਫਰਮਾਨੀ ਹੋ ਜਾਂਦਾ ਹੈ। ਇਹ ਗੱਲ ਪ੍ਰਸਿੱਧ ਹੈ ਕਿ ਕੇਵਲ ਡਰ ਜਾਂ ਭੈ ਦੇ ਕਾਰਨ ਹਜ਼ਾਰਾਂ ਪੁਰਸ਼ ਕੁਰ-ਬਾਨ ਹੋ ਗਏ ਅਤੇ ਉਲਟ ਉਸਦੇ ਦਲੇਰੀ ਜਾਂ ਹੌਂਸਲੇ ਨੇ ਬਹੁਤਿਆਂ ਨੂੰ ਹੌਂਸਲਾ ਅਤੇ ਤਾਕਤ ਬਖਸ਼ੀ ਹੈ। "ਮਾਂ ਵਿਚ ਗੁੱਸਾ ਹੋਣ ਕਰਕੇ ਦੁੱਧ ਪੀਂਦੇ ਬੱਚੇ ਨੂੰ ਜ਼ਹਿਰ ਚੜ੍ਹ ਜਾਂਦਾ ਹੈ।" ਰੇਰੀ ਜੋ ਇਕ ਪ੍ਰਸਿੱਧ ਪੁਰਸ਼ ਘੋੜਿਆਂ ਦੇ ਸਿਖਾਨ ਵਾਲਾ ਸੀ ਲਿਖਦਾ ਹੈ ਕਿ :—"ਇਕ ਕ੍ਰੋਧ ਭਰਿਆ ਬਚਨ ਕਹਨ ਤੋਂ ਬਾਜ਼ੇ ਵੇਲ ਇਕ ਘੋੜੇ ਦੀ ਨਬਜ਼ ਇਕ ਮਿੰਟ ਵਿਚ ਦਸ ਵਾਰੀ ਭੜਕਨ ਲਗਦੀ

ਹੈ, ਜੇ ਇਹ ਗੱਲ ਇਕ ਜਾਨਵਰ ਦੀ ਬਾਬਤ ਠੀਕ ਹੈ ਤਾਂ ਫੇਰ ਮਨੁਸ਼ ਸਰੀਰ ਤੇ ਖਾਸਕਰਕੇ ਬੱਚੇ ਉੱਤੇ ਉਸਦੀ ਤਾਕਤ ਦਾ ਕੀ ਕਹਣਾ ਹੈ, ਅਰਥਾਤ ਕ੍ਰੋਧ ਬੱਚੇ ਤੇ ਤਾਂ ਬਹੁਤ ਹੀ ਜ਼ਿਆਦਾ ਅਸਰ ਪੈਦਾ ਕਰੇਗਾ। ਜਦੋਂ ਕੋਈ ਅੱਤ੍ਰੀਵ ਵਾਸ਼ਨਾਂ ਬਹੁਤ ਤੇਜ਼ੀ ਤੇ ਹੁੰਦੀ ਹੈ ਤਾਂ ਉਸਤੋਂ ਵਸ਼ੇਸ਼ ਕਰਕੇ ਕੈ ਆਉਣ ਲਗ ਪੈਂਦੀ ਹੈ, ਸਖਤ ਗੁੱਸੇ ਜਾਂ ਡਰ ਤੋਂ ਯਰਕਾਨ੍ਹ ਹੋ ਜਾਨ ਦਾ ਭੈ ਹੈ, ਅਤੀ ਕ੍ਰੋਧਤ ਜੋਸ਼ ਵਾਲੀ ਦਸ਼ਾ ਤੋਂ ਮੂਰਛਾ ਮਿਰਗੀ ਅਤੇ ਮ੍ਰਿਤੂ ਤਕ ਭੀ ਹੋ ਜਾਂਦੀ ਹੈ। ਬੇਸ਼ੱਕ ਕਈ ਵਾਰੀ ਅਜੇਹਾ ਵੇਖਨ ਵਿਚ ਆਇਆ ਹੈ ਕਿ ਮਾਨਸਕ ਖੇਦ ਜਾਂ ਅਤੀ ਪ੍ਰੇਸ਼ਾਨੀ ਦੀ ਹਾਲਤ ਇਕ ਗਾਤ ਤਕ ਰਹਨ ਦੇ ਕਾਰਨ ਕਈ ਪੁਰਸ਼ਾਂ ਦਾ ਜੀਵਨ ਬਰਬਾਦ ਹੋਗਿਆ,ਗ਼ਮ, ਚਿਰ ਕਾਲ ਦੀ ਈਰਖਾ (ਸਾੜਾ), ਲਗਾਤਾਰ ਚਿੰਤਾ ਅਤੇ ਅੰਦਰੋ ਅੰਦਰ ਖਾਨ ਵਾਲੀ ਤੇ ਨਿਰਬਲ ਕਰਨ ਵਾਲੀ ਸੋਚ, ਏਹਨਾਂ ਸਾਰੀਆਂ ਗੱਲਾਂ ਤੋਂ ਬਾਜ਼ੇ ਵੇਲੇ ਸੂਦਾ ਹੋ ਜਾਯਾ ਕਰਦਾ ਹੈ। ਉਦਾਸੀ ਵਾਲਾ ਪੁਰਸ਼ ਕਿਸੇ ਕਾਰਜ ਵਾਸਤੇ ਭੀ ਸਫਲ ਮਨੋਰਥ ਨਹੀਂ ਹੋ ਸਕਦਾ, ਉਦਾਸੀ ਦੇ ਖਿਆਲ ਅਤੇ ਸੁਭਾਉ ਦੀ ਖਰਾਬੀ ਜਾਂ ਅਯੋਗ ਹਾਲਤਾਂ ਬੀਮਾਰੀ ਦੀ ਉਤਪਤੀ ਦਾ ਪ੍ਰਧਾਨ ਕਾਰਨ ਹਨ ਅਤੇ ਅੰਤਸ਼ਕਰਨ ਵਿਖੇ ਵਿਘਨ ਹੋ ਜਾਣ ਤੋਂ ਉਸਦੀ ਗੰਦੀ ਅਤੇ ਵਾਈ ਬਲ ਤੋਂ ਅਪ੍ਰਾਧ ਪੈਦਾ ਹੁੰਦਾ ਅਤੇ ਵਧਦਾ ਹੈ।" ਯਥਾ ਇਕ ਮਹਾਤਮਾਂ ਦਾ ਬਚਨ ਹੈ ਕਿ:-

"ਸੜਨਾ, ਕੁੜ੍ਹਨਾ, ਈਰਖਾ, ਵਿਖ ਬਜਾਪੇ ਰਿਦ ਜਾਸ।
ਕਹਾਂ ਸ਼ਾਂਤ, ਸੰਤੋਖ, ਤਹਿੰ, ਬਹੁਰੋ ਪ੍ਰੇਮ ਨਿਵਾਸ।"

ਏਸੇ ਤਰਾਂ ਇਕ ਹੋਰ ਕਥਨ ਹੈ ਕਿ :-

"ਜਿਸ ਦਿਲ ਚਿੰਤਾ ਈਰਖਾ ਆ ਡੇਰਾ ਲਾਵੇ।
ਪਿਆਰ ਪ੍ਰੀਤ ਸ਼ੁਭ ਕਾਮਨਾਂ ਸਭ ਦੂਰ ਨਸਾਵੇ।"

ਇਹਨਾਂ ਸਾਰੀਆਂ ਗੱਲਾਂ ਤੋਂ ਅਸੀ ਓਹ ਵੱਡੀ ਅਸਲੀਅਤ ਸਹੀ ਕਰਦੇ ਹਾਂ ਜਿਸਨੂੰ ਅਸੀ ਅੱਜ ਸਾਇੰਸ ਅਨੁਸਾਰ ਸਿੱਧ ਕਰ ਰਹੇਹਾਂ, ਅਰਥਾਤ ਇਹ ਭਿੰਨ੨ ਮਾਨਸਕ ਹਾਲਤਾਂ, ਵਾਸ਼ਨਾਂ ਅਤੇ ਜਜ਼ਬੇ (ਦਿਲੀ ਜੋਸ਼) ਸਰੀਰ ਤੇ ਆਪਣਾ ਖਾਸ ਖਾਸ ਤੇ ਅੱਡ ਅੱਡ ਅਸਰ ਪੈਦਾ ਕਰਦੇ ਹਨ ਅਤੇ ਜੇ ਏਹਨਾਂ ਵਿਚੋਂ ਕਿਸੇ ਨੂੰ ਸੁਤੰਤ੍ਰ ਕਰ ਦਿੱਤਾ ਜਾਵੇ ਜਾਂ ਦਖਲ ਦਿੱਤਾ ਜਾਵੇ ਤਾਂ ਓਹ ਵਾਰੀ ਵਾਰੀ ਰੋਗ ਦੀਆਂ ਵੱਖਰੀਆਂ ਹਾਲਤਾਂ ਪੈਦਾ ਕਰ ਦੇਵੇਗਾ ਅਤੇ ਕੁਝ ਚਿਰ ਪਿੱਛੋਂ ਇਹ ਵੱਖਰੀ ਭਾਂਤ ਦੇ ਰੋਗ ਪੁਰਾਣੇ ਹੋ ਜਾਣਗੇ।

ਅਸੀ ਹੁਣ ਏਹਨਾਂ ਦੇ ਵਰਤਾਰੇ ਦੇ ਢੰਗ ਦੀ ਬਾਬਤ ਕੁਝ ਵਰਨਨ ਕਰਦੇ ਹਾਂ, ਯਥਾ ਜੇ ਇਕ ਪੁਰਸ਼ ਤੇ ਕੁਝ ਚਿਰ ਕ੍ਰੋਧ ਦੀ ਹਾਲਤ ਵਾਪਰੀ ਰਹੀ ਹੈ ਤਾਂ ਉਸਦੀ ਸਰੀਰਕ ਬਨਾਵਟ ਵਿਖੇ ਮਾਨੋਂ ਗੱਜਦਾ ਹੋਇਆ ਸਰੀਰਕ ਤੂਫ਼ਾਨ ਕਾਇਮ ਹੋ ਗਿਆ ਹੈ, ਜਿਸਦਾ ਅਸਰ ਇਹ ਹੁੰਦਾ ਹੈ ਕਿ ਸਰੀਰ ਦੀਆਂ ਨਿਯਮ ਅਨੁਸਾਰ ਰਾਜ਼ੀ ਬਾਜ਼ੀ ਅਤੇ ਜੀਵਨ ਦਾਤਾ ਰਤੂਬਤਾਂ (ਤਰਾਵਤਾਂ) ਖਰਾਬ ਜਾਂ ਕਮਜ਼ੋਰ ਹੋ ਜਾਂਦੀਆਂ ਹਨ। ਏਥੋਂ ਤਾਈਂ ਕਿ ਆਪਣਾ ਸੁਭਾਵਕ ਕਰਤੱਵ ਕਰਨ ਦੀ ਥਾਂ ਓਹ ਰਤੂਬਤਾਂ ਵਖੇਲੀਆਂ ਅਤੇ ਮਾਰੂ (ਘਾਤਕ) ਹੋ ਜਾਂਦੀਆਂ ਹਨ ਅਰ ਜੇ ਇਹੀ ਦਸ਼ਾ ਕੁਝ ਚਿਰ ਤਕ ਲਗਾਤਾਰ ਜਾਰੀ

ਰਹੇ ਤਾਂ ਸਮੁੱਚੇ ਅਸਰ ਹੋਣ ਤੋਂ ਇਨ੍ਹਾਂ ਥੀਂ ਇਕ ਖਾਸ ਤਰ੍ਹਾਂ ਦਾ ਰੋਗ ਉਤਪੱਤ ਹੋਜਾਂਦਾਹੈ ਅਤੇ ਇਹ ਰੋਗ ਹੌਲੀ੨ ਪੁਰਾਣਾ ਹੋ ਜਾਂਦਾ ਹੈ, ਇਸ ਵਾਸਤੇ ਇਸਦੇ ਉਲਟ ਅਸਰ ਜਾਂ ਜਜ਼ਬੇ ਅਰਥਾਤ ਕ੍ਰਿਪਾਲਤਾ, ਪ੍ਰੇਮ, ਨੇਕ-ਨੀਅਤੀ, ਖੈਰਖਾਹੀ ਏਹਨਾਂ ਤੋਂ ਸਾਰੀਆਂ ਸਰੀਰਕ ਧਾਤੂਆਂ ਵਿਚ ਅਰੋਗਜਤਾ ਰੱਖਜਕ ਨਰੋਇਆ ਸ਼ੁਧ ਪਵਿਤ੍ਰ ਅਤੇ ਜੀਵਨ-ਦਾਤਾ ਅਸਰ ਪੈਦਾ ਹੁੰਦਾ ਰਹਿੰਦਾ ਹੈ, ਸਰੀਰ ਦੇ ਸਾਰੇ ਰਸਤੇ ਸੁਤੰਤ੍ਰ ਅਤੇ ਖੁੱਲ੍ਹੇ ਹੋਏ ਪ੍ਰਤੀਤ ਹੁੰਦੇ ਹਨ, ਜੀਵਨ ਦੀਆਂ ਤਾਕਤਾਂ ਓਹਨਾਂ ਦੇ ਅੰਦਰ ਉਛਲਦੀਆਂ ਕੁੱਦਦੀਆਂ ਅਤੇ ਬੜੇ ਜੋਸ਼ ਨਾਲ ਪ੍ਰਵਿਰਤ ਹੁੰਦੀਆਂ ਰਹਿੰਦੀਆਂ ਹਨ ਅਤੇ ਇਹੀ ਤਾਕਤਾਂ ਜੋਸ਼ ਵਿਚ ਆ ਅਤੇ ਬੇਗਵਾਨ ਹੋਕੇ ਹੌਲੀ ਹੌਲੀ ਆਪਣੀਆਂ ਵਿਰੁਧ ਸ਼ਕਤੀਆਂ ਦੇ ਜ਼ੈਹਰੀਲੇ ਅਤੇ ਰੋਗ ਜਨਕ ਅਸਰਾਂ ਨੂੰ ਉੱਕਾ ਹੀ ਨਿਰਮੂਲ ਕਰ ਦੇਣਗੀਆਂ।

ਇਕ ਵੈਦ ਇਕ ਰੋਗੀ ਨੂੰ ਵੇਖਨ ਜਾਂਦਾ ਹੈ, ਭਾਵੇਂ ਅੱਜ ਸਵੇਰੇ ਉਸਨੇ ਕੁਝ ਦੁਆਈ ਨਹੀਂ ਦਿੱਤੀ, ਤਦ ਭੀ ਉਸਦੇ ਜਾਣ ਤੋਂ ਹੀ ਰੋਗੀ ਦੀ ਤਸੱਲੀ ਹੋ ਗਈ ਅਤੇ ਪੈਹਲਾਂ ਨਾਲੋਂ ਹੱਛਾ ਹੋ ਗਿਆ, ਵੈਦ ਦਾ ਆਉਣਾ ਕੀ ਸੀ ਮਾਨੋਂ ਓਹ ਆਪਣੇ ਨਾਲ ਅਰੋਗਤਾ ਅਤੇ ਸੁਸਥਤਾ ਦੀ ਆਤਮਾ, ਹਸਮੁਖੀ ਅਤੇ ਸੁਸ਼ੀਲਤਾ ਅਰ ਖਿੜਿਆ ਹੋਇਆ ਚਿੱਤ ਅਤੇ ਆਸ਼ਾ ਰੋਗੀ ਦੇ ਕਮਰੇ ਵਿਖੇ ਲਿਆਇਆ ਸੀ ਅਤੇ ਓਹਨਾਂ ਸਾਰੀਆਂ ਗੱਲਾਂ ਨੂੰ ਉਥੇ ਹੀ ਛੱਡਕੇ ਚਲਾ ਗਿਆ। ਅਸਲ ਵਿਚ ਇਸ ਆਸ਼ਾ ਹਮਦਰਦੀ, ਮਿੱਠਤ ਅਤੇ ਖੁਸ਼ਦਿਲੀ ਨੇ ਰੋਗੀ ਦੇ ਦਿਲ

ਤੇ ਬਹੁਤ ਕੁਝ ਅਸਰ ਪੈਦਾ ਕੀਤਾ ਅਤੇ ਵੈਦ ਦੇ ਕਾਰਨ ਇਸ ਮਾਨਸਕ ਦਸ਼ਾ ਦਾ ਅਸਰ ਰੋਗੀ ਦੇ ਸਰੀਰ ਤੇ ਭਾਂਵੇਂ ਥੋਹੜਾ ਮਾਤ੍ਰ ਹੀ, ਪਰ ਜ਼ੋਰਦਾਰ (ਅਸਰ) ਹੋਯਾ ਅਰ ਵੈਦ, ਡਾਕਟਰ, ਹਕੀਮ ਦੀ ਨਾਹੀਂ ਇਸ ਮਾਨਸਕ ਅਸਰ ਦੇ ਕਾਰਨ ਰੋਗੀ ਦੀ ਹਾਲਤ ਦਿਨੋਂ ਦਿਨ ਹੱਛੀ ਹੁੰਦੀ ਜਾਂਦੀ ਹੈ (ਗੁਰੂ ਜੀ ਨੇ ਸੱਚ ਆਖਿਆ ਹੈ :"ਹਮ ਆਦਮੀ ਹਾਂ ਇਕ ਦਮੀ ਮੁਹਲਤ ਮੁਹਤ ਨ ਜਾਣਾ। ਨਾਨਕ ਬਿਨਵੈ ਤਿਸੈ ਸਰੇਵਹੁ ਜਾਕੇ ਜੀਅ ਪਰਾਣਾ।" ਭਾਵ–ਅਸੀ ਆਦਮੀ ਇਕ ਦਮੀ ਹਾਂ, ਅਲਬੱਤਾ ਕਰ-ਤਾਰ ਦੇ ਭਰੋਸੇ ਆਸ ਰੱਖੀਏ ਤਾਂ ਓਹ ਮਰਦਿਆਂ ਭੀ ਬਚਾ ਸਕਦਾ ਹੈ। ਆਮ ਕਹਾਵਤ ਭੀ ਹੈ :"ਇਕ ਸਵਾਸ ਹਜ਼ਾਰ ਆਸ" ਜੇ ਆਸਰਾ ਨਾਂ ਹੁੰਦਾ ਤਾਂ ਕੀ ਹਾਲ ਹੁੰਦਾ, "ਜਦ ਤਕ ਸਾਸ ਤਦ ਤਕ ਆਸ", "ਜੀਵੇ ਆਸਾ ਮਰੇ ਨਿਰਾਸਾ" ਅਤੇ ਇਸੇ ਤਰਾਂ ਇਸ ਮਾਨਸਿਕ ਪ੍ਰੇਰਨਾਂ ਦਵਾਰੇ ਰੋਗਾਂ ਦਾ ਇਲਾਜ ਕੀਤਾ ਜਾਂਦਾ ਹੈ।

ਚੌਪਈ ॥

ਦੇਹ ਸੰਭਾਰੇ, ਮਨਹਿ ਸੰਭਾਰਾ । ਅਤਿ ਪ੍ਰਸੰਨ ਫੁਨਿ ਸ਼ਾਂਤ ਕਰਾਰਾ। ਜਾਨੁ "ਆਸ" ਸੁਰਜੀਵੀ ਚਾਲ। ਜੀਵਨ ਰੂਹ, ਅਮੀ ਸੁਖ ਸਾਲ । ਮਾਨਤ ਸੱਤਜ ਇਸੀ ਬਿਧਿ ਬੁਧਾ। ਆਸਾ ਬੀਚ ਨਿਵਾਸਾ ਗੁਪਾ । ਆਸਾ ਜੀਵੇ ਮਰੇ ਨਿਰਾਸਾ। ਆਸ ਛੁਡਾਇ ਆਸ ਕਰ ਫਾਸਾ।

ਦੋਹਰਾ ॥

ਆਸਾ ਲਗ ਜੀਵੇ ਸਗਲ, ਆਸਾ ਕਰੇ ਵਿਥਾਰ।
ਆਸ ਰੋਗ, ਆਸਾ ਮਿਰਤੁ, ਆਸਾ ਦੁਖ ਨਿਵਾਰ।

ਜਿਸ ਪੁਰਸ਼ ਦੀ ਅਰੋਗਤਾ ਹੱਛੀ ਨਹੀਂ ਉਸਨੂੰ ਹੋਰਸ ਆਦਮੀ ਨੂੰ ਇਹ ਕਹਿੰਦਿਆਂ ਬਾਜੀ ਵੇਰੀ ਅਸਾਂ ਸੁਣਿਆਂ ਹੈ ਕਿ "ਮੈਂ ਤੁਹਾਡੇ ਆਉਣ ਤੋਂ ਸਦੀਵ ਹੱਛਾ ਹੋ ਜਾਂਦਾ ਹਾਂ" ਇਸ ਗੱਲ ਦੇ ਅੰਦਰ ਬਹੁਤ ਕੁਝ ਵਿਦਜਕ ਭੇਦ ਲੁਕਿਆ ਹੋਇਆ ਹੈ, ਸਿਆਣੇ ਪੁਰਸ਼ਾਂ ਦੀ ਬਾਣੀ ਹੀ ਰਸੈਣ ਹੁੰਦੀ ਹੈ। ਮਨੁਸ਼ ਸੁਭਾਉ ਉੱਤੇ ਮਾਨਸਕ ਇਸ਼ਾਰੇ (ਪ੍ਰੇਰਣਾਂ) ਦਾ ਬਹੁਤ ਕੁਝ ਅਚਰਜ ਤੇ ਦਿਲ ਲੁਭਾਵਾਂ ਅਸਰ ਹੁੰਦਾ ਹੈ, ਇਹ ਗੱਲ ਅਤੀ ਵਿਚਾਰ ਗੋਚਰੀ ਹੈ। (ਉਸਦੇ ਪੜ੍ਹਨ ਤੋਂ ਬਹੁਤ ਕੁਝ ਅਨੰਦ ਪ੍ਰਾਪਤ ਹੁੰਦਾ ਹੈ) ਇਸ suggestion (ਪ੍ਰੇਰਣਾ) ਦੇ ਸਹਾਰੇ ਬੜੀਆਂ ਬੜੀਆਂ ਅਚਰਜ ਕਾਰੀ ਤੇ ਸ਼ਕਤੀਵਾਨ ਤਾਕਤਾਂ ਨੂੰ ਵਰਤੋਂ ਵਿਚ ਲਿਆ ਸਕੀਦਾ ਹੈ।

ਸੰਸਾਰ ਵਿਚ ਇਕ ਪੁਰਸ਼ ਅਤੀ ਹੀ ਪ੍ਰਸਿੱਧ ਵਿਗਿਆਨ ਵੇਤਾ ਹੈ ਅਤੇ ਸਰੀਰਕ (anatomy) ਦੇ ਜੀਊਂਦੇ ਜਾਗਦੇ ਬਹੁਤ ਬੜੇ੨ ਗਜ਼ਾਤਿਆਂ ਵਿਚ ਹਰਕਿਤੇ ਮੰਨਿਆਂ ਪ੍ਰਮੰਨਿਆਂ ਤੇ ਹੱਛਾ ਜਾਣੂੰ ਹੈ ਉਸਦਾ ਕਥਨ ਹੈ ਕਿ "ਪ੍ਰੀਖਿਆ ਕਰਨ ਤੋਂ ਸਿੱਧ ਕੀਤਾ ਗਿਆ ਹੈ ਕਿ ਮਨੁਸ਼ ਦੇ ਸਰੀਰ ਦੀ ਸਾਰੀ ਬਨਾਵਟ ਇਕ ਸਾਲ ਤੋਂ ਘਟ ਸਮਜ ਵਿਚ ਉੱਕੀ ਹੀ ਬਦਲੀ ਤੇ ਇੱਛਾ ਅਨੁ-ਸਾਰ ਸੁਧਾਰੀ ਜਾ ਸਕਦੀ ਹੈ ਅਰ ਸਰੀਰ ਦੇ ਬਾਜੇ ਭਾਗ ਕੁਝਕੁ ਹਫਤਿਆਂ ਦੇ ਅੰਦਰ ਹੀ ਅੰਦਰ ਉੱਕੇ ਨਵੇਂ ਹੋ ਸਕਦੇ ਹਨ"।

ਮੈਥੋਂ ਲੋਕ ਇਹ ਪੁਛਦੇ ਹਨ "ਕਿ ਕੀ ਤੁਸਾੜੇ ਕਹਿਣਦਾ ਇਹ ਮਤਲਬ ਹੈ ਕਿ ਅੰਤ੍ਰੀਵ ਤਾਕਤਾਂ ਦੇ

ਅਮਲ ਦੁਆਰਾ ਸਰੀਰ ਰੋਗ ਦੀ ਹਾਲਤ ਥੀਂ ਰਾਜ਼ੀ ਬਾਜ਼ੀ ਹਾਲਤ ਵਿਚ ਆ ਸਕਦਾ ਹੈ?" ਹਾਂ ਸੱਚ ਮੁਚ ਹੀ ਇਉਂ ਹੋ ਸਕਦਾ ਹੈ ਅਰ ਇਸਤੋਂ ਛੁਟ ਇਲਾਜ ਦਾ ਕੁਦਰਤੀ ਢੰਗ ਏਹੋ ਹੀ ਹੈ ਅਤੇ ਜਿਸ ਤ੍ਰੀਕੇ ਵਿਚ ਬੂਟੀਆਂ ਦੁਆਈਆਂ ਅਤੇ ਬਾਹਰਲੀਆਂ (ਹੋਰ ੨) ਚੀਜ਼ਾਂ ਵਰ-ਤੀਆਂ ਜਾਂਦੀਆਂ ਹਨ ਓਹ ਤ੍ਰੀਕਾ (ਢੰਗ) ਬਨਾਵਟੀ ਹੈ। ਬੂਟੀ ਜਾਂ ਦੁਆਈ ਕੇਵਲ ਏਨਾਂ ਕਰ ਸਕਦੀ ਹੈ ਕਿ ਰੋਗ ਜਾਂ ਦੁਖਾਂ ਦੇ ਵਿਘਨਾਂ ਨੂੰ ਦੂਰ ਕਰੇ, ਤਾਕਿ ਜੀਵਨ ਦੀਆਂ ਤਾਕਤਾਂ ਵਧੇਰੇ ਹੱਛੀ ਤਰਾਂ ਨਾਲ ਆਪਣਾ ਵਿਹਾਰ ਕਰ ਸੱਕਨ। ਨਿਰੋਗ ਹੋਨ ਦੀ ਅਸਲੀ ਜੁਗਤੀ ਤਾਂ ਜੀਵਨ ਦੀਆਂ ਅੰਦ੍ਰਲੀਆਂ ਤਾਕਤਾਂ ਨੂੰ ਹੀ ਵਰਤੋਂ ਵਿਚ ਲਿਆਉਣ ਨਾਲ ਅਰੰਭ ਹੁੰਦੀ ਹੈ।ਕੁਝ ਚਿਰ ਦੀ ਗੱਲ ਹੈ ਕਿ ਇਕ ਅਤੀ ਪ੍ਰਸਿੱਧ ਸਰਜਨ (ਡਾਕਟਰ) ਅਤੇ ਹਕੀਮ ਨੇ ਆਪਣੇ ਸਮ ਵਿਹਾਰੀ ਭਰਾਵਾਂ ਦੇ ਸਾਹ-ਮਣੇ ਇਉਂ ਕਰਕੇ ਵਰਨਨ ਕੀਤਾ: "ਹਕੀਮੀ (ਵੈਦਗੀ) ਦੇ ਕੰਮ ਵਿਚ ਪੁਸ਼ਤਾਂ ਤੋਂ ਇਹ ਗੱਲ ਨਾਂ ਮਲੂਮ ਰਹੀ ਹੈ ਕਿ ਖੁਰਾਕ ਅਤੇ ਜੀਵਨ ਦੇ ਅਸੂਲ ਪੁਰ ਕੇਹੜੀ ਸ਼ੈ ਜ਼ਰੂਰੀ ਅਸਰ ਰੱਖਦੀ ਹੈ ? ਅਰ ਇਸਦੀ ਸੋਚ ਵਿਚਾਰ ਸੰਬੰਧੀ ਹੋਰ ਬਹੁਤ ਸਾਰੀ ਖੋਜ ਤੋਂ ਇਹ ਸਿੱਟਾ ਨਿਕਲਿਆ ਹੈ ਕਿ ਮਾਦੀ (ਮਾਯਕ) ਸ਼ੈ ਦਾ ਜ਼ਿਹਨ ਤੇ ਬਹੁਤ ਕੁਝ ਅਮਲ ਜਾਂ ਅਸਰ ਹੁੰਦਾ ਹੈ, ਇਸਤੋਂ ਵੈਦਗੀ (ਹਕੀਮੀ) ਦੀ ਵਿਦਯਾ ਵਿਚ ਬਹੁਤ ਕੁਝ ਵਾਧਾ ਨਹੀਂ ਹੋਇਆ, "ਅਤੇ ਇਹੀ ਕਾਰਨ ਹੈ ਕਿ ਹੁਣ ਤਕ ਇਲਾਜ ਮਾਲਜੇ ਵਿਖੇ ਆਤਮਕ ਅਸਰਾਂ ਤੋਂ

ਕੁਝ ਕੰਮ ਨਹੀਂ ਲਿਆ ਗਿਆ, ਪਰ ਹੁਣ ਵੀਹਵੀਂ ਸਦੀ ਦੀ ਰੌਸ਼ਨੀ ਚਮਕੀ ਹੈ ਸੋ ਏਸ ਵਾਸਤੇ ਮਨੁਸ਼ ਮਾਤ੍ਰ ਨੇ ਕੁਦਰਤ ਦੀਆਂ ਗੁੱਝੀਆਂ ਤਾਕਤਾਂ ਵਲ ਆਮ ਤੌਰ ਤੇ ਪੈਰ ਵਧਾਇਆ ਹੈ । ਡਾਕਟਰ ਲੋਗ ਹੁਣ ਆਤਮ ਵਿਦਯਾ ਦੇ ਵਿਦਯਾਰਥੀਆਂ ਦੀ ਸ੍ਰੇਣੀ ਵਿਚ ਦਾਖਲ ਹੋਣ ਲਈ ਮਜਬੂਰ ਹੋ ਗਏ ਹਨ ਅਤੇ ਮਾਨਸਿਕ ਸ਼ਕਤੀ ਦ੍ਵਾਰਾ ਇਲਾਜ ਕਰਨ ਦੇ ਖੁੱਲ੍ਹੇ ਮੈਦਾਨ ਵਿਚ ਆਪਣੇ ਬਜ਼ੁਰਗਾਂ (ਵਡੇਰਿਆਂ) ਦੇ ਪੈਰੀਂ ਤੁਰਨ ਲੱਗ ਪਏ ਹਨ। ਹੁਣ ਸੁਸਤੀ ਕਰਨ ਅਤੇ ਦਿਲ ਵਿਖੇ ਸ਼ੱਕ ਸ਼ੁਬਹ ਲਿਆਉਨ ਜਾਂ ਸੋਚ ਕਰਨ ਦਾ ਸਮਾਂ ਨਹੀਂ, ਜੋ ਪੁਰਸ਼ ਸੁਸਤੀ ਕਰਦਾ ਹੈ ਓਹ ਭੁਲੇਖੇ ਵਿਚ ਗੁੰਮ ਹੈ, ਕਿਉਂਕਿ ਸਾਰਾ ਸੰਸਾਰ ਹਰਕਤ (ਕਾਰਰਵਾਈ) ਵਿਚ ਰੁੱਝਾ ਹੋਯਾ ਹੈ। ਮੈਂ ਇਸ ਗੱਲ ਤੋਂ ਜਾਣੂੰ ਹਾਂ ਕਿ ਜਿਸ ਮਾਮਲੇ ਦਾ ਅਸੀ ਹੁਣ ਵਰਨਨ ਕਰ ਰਹੇ ਹਾਂ ਉਸ ਸੰਬੰਧੀ ਪਿਛਲੇ ਕੁਝਕ ਵਰ੍ਹਿਆਂ ਵਿਚ ਬਹੁਤ ਕੁਝ ਮੂਰਖਤਾ ਹੋਈ ਹੈ, ਲੋਕਾਂ ਨੇ ਬਹੁਤ ਸਾਰੀਆਂ ਬੇਅਰਥ ਗੱਲਾਂ ਅਤੇ ਦਾਹਵੇ ਕੀਤੇ ਹਨ, ਪਰ ਇਸਤੋਂ ਕੁਦਰਤ ਦੇ ਵੱਡੇ ਵੱਡੇ ਗੁੱਝੇ ਨਿਯਮਾਂ ਦੀ ਤਰਦੀਦ (ਵਿਰੋਧਤਾ) ਨਹੀਂ ਹੋ ਸਕਦੀ ਅਤੇ ਨਾਂ ਇਸ ਗੱਲ ਨੂੰ ਏਹਨਾਂ ਖਾਸ ਨਿਯਮਾਂ ਨਾਲ ਕੁਝ ਸੰਬੰਧ ਹੈ। ਫਿਲਸਫੇ (ਬ੍ਰਹਮ ਵਿਦਯਾ) ਅਤੇ ਇਖਲਾਕੀ ਵਿਦਯਾ (ਮਜ਼ਹਬੀ ਧਾਰਮਕ ਵਿਦਯਾ) ਦੀ ਭਾਲ ਵਿਚ ਭੀ ਸ਼ੁਰੂ ਸ਼ੁਰੂ ਵਿਚ ਅਜੇਹੀਆਂ ਅਯੋਗ ਤਾਈਆਂ ਹੁੰਦੀਆਂ ਰਹੀਆਂ ਹਨ, ਪਰ ਜਿਉਂ ਜਿਉਂ ਸਮਾਂ ਬਤੀਤ ਹੁੰਦਾ ਗਿਆ ਇਹ ਮੂਰਖਤਾ ਦੀਆਂ ਤੇ ਬਿਢੰਗੀਆਂ

ਗੱਲਾਂ ਦੂਰ ਹੁੰਦੀਆਂ ਗਈਆਂ ਹਨ ਅਤੇ ਵੱਡੇ ਵੱਡੇ ਨਿਸਚਿਤ ਅਸੂਲ ਸਦਾ ਲਈ ਵਧੇਰੇ ਪਸਰਕੇ ਕਾਇਮ ਹੋ ਗਏ ਹਨ।

ਮੈਂ ਆਪ ਬੜੀਆਂ ਘਟਨਾਵਾਂ ਤੋਂ ਜਾਣੂੰ ਹਾਂ ਕਿ ਜਿੱਥੇ ਏਹਨਾਂ ਤਾਕਤਾਂ ਦੀ ਵਰਤੋਂ ਦੁਆਰਾ ਪੂਰੀ ਪੂਰੀ ਅਤੇ ਪੱਕੀ ਨਿਰੋਗਤਾ ਵੇਖਨ ਵਿਚ ਆਈ ਹੈ, ਬਾਜੀਆਂ ਹਾਲਤਾਂ ਵਿਚ ਤਾਂ ਬਹੁਤ ਹੀ ਥੋੜੇ ਚਿਰ ਵਿਚ ਪਰਾ ਪੂਰਾ ਅਤੇ ਪੱਕਾ ਇਲਾਜ ਹੋ ਗਿਆ ਹੈ, ਬਾਜੀਆਂ ਏਹਨਾਂ ਵਿਚ ਅਜੇਹੀਆਂ ਘਟਨਾਂ ਜਾਂ ਹਾਲਤਾਂ ਹਨ ਕਿ ਏਹਨਾਂ ਵਿਚ ਦੁਆਈ ਨਾਲ ਕੁਝ ਭੀ ਅਸਰ ਨਹੀਂ ਹੋਇਆ ਸੀ ਅਤੇ ਹਕੀਮਾਂ ਨੇ ਲਾਚਾਰ ਹੋਕੇ ਜਵਾਬ ਦੇ ਦਿੱਤਾ ਅਤੇ ਆਖਿਆ ਸੀ ਕਿ ਇਹ ਰੋਗ ਲਾਇਲਾਜ (ਅਸਾਧ) ਹਨ। ਹਰ ਸਮੇਂ ਅਤੇ ਹਰ ਮਜ਼ਹਬ ਵਿਚ ਇਸ ਪ੍ਰਕਾਰ ਦੇ ਸਮਾਚਾਰ ਮਿਲਦੇ ਹਨ ਅਤੇ ਅਜੇਹੇ ਇਲਾਜ ਕਰਨ ਦੀ ਤਾਕਤ ਅਜ ਕੱਲ ਸਾਡੇ ਅੰਦਰ ਕਿਉਂ ਨਹੀਂ ਹੈਗੀ ? ਤਾਕਤ ਤਾਂ ਹੈ ਪਰ ਜਿੰਨਾ ਅਸੀ ਓਹਨਾਂ ਵੱਡਿਆਂ ਨਿਯਮਾਂ ਨੂੰ ਜਾਨ ਲਵਾਂਗੇ ਜੋ ਪੁਰਾਤਨ ਸਮੇਂ ਵਿਚ ਪਰਵਾਨ ਕੀਤੇ ਗਏ ਸਨ, ਓਨਾਂ ਹੀ ਅਸੀ ਉਸ ਤਾਕਤ ਨੂੰ ਕੰਮ ਵਿਚ ਲਿਆ ਸੱਕਾਂਗੇ। ਇਕ ਪੁਰਸ਼ ਦੂਜੇ ਪੁਰਸ਼ ਨੂੰ ਬਹੁਤ ਕੁਝ ਸ਼ਫਾ (ਸ੍ਵਸਥਤਾ) ਪੁਚਾ ਸਕਦਾ ਹੈ, ਪਰ ਉਸ ਵਿਚ ਇਹ ਜ਼ਰੂਰੀ ਹੈ ਕਿ ਜਿਸ ਪੁਰਸ਼ ਦਾ ਇਲਾਜ ਕੀਤਾ ਜਾਵੇ ਓਹ ਭੀ ਦਿਲ ਥੀਂ ਵਿਸਵਾਸ ਰੱਖਦਾ ਹੋਵੇ ਅਤੇ ਏਸ ਕੰਮ ਵਿਖੇ ਸਹਾਇਕ ਹੋਵੇ। ਕਈ ਮਹਾਤਮਾਵਾਂ ਨੇ ਜਿਨ੍ਹਾਂ ਬੀਮਾਰਾਂ ਨੂੰ ਅਰੋਗਤਾ ਬਖਸ਼ੀ ਹੈ

ਓਹਨਾਂ ਲਈ ਸਦੀਵ ਹੀ ਇਹ ਜ਼ਰੂਰੀ ਸੀ ਕਿ ਓਹਨਾਂ ਮਹਾਤਮਾਂ ਦੇ ਅਨੁਸਾਰੀ ਹੋਣਾ ਜਿਨ੍ਹਾਂ ਨੇ ਕਿ ਓਹਨਾਂ ਅੱਗੇ ਤੰਦਰੁਸਤੀ ਲਈ ਅਪੀਲ ਕੀਤੀ ਹੋਵੇ, ਸਾਰੇ ਸਿਆਣੇ ਹੀ ਏਹ ਆਖਿਆ ਕਰਦੇ ਹਨ ਕਿ ਤੁਸੀ ਵਿਸ਼ਵਾਸ ਰੱਖੋ ਅਤੇ ਏਸ ਮਾਮਲੇ ਵਿਚ ਸਾਡੇ ਸਹਾਇਕ ਬਣੋਂ। ਰੋਗੀ ਨੂੰ ਸਭ ਤੋਂ ਪੈਹਲਾਂ ਇਹੀ ਪੁਛਦੇ ਹੁੰਦੇ ਸਨ ਤੇ ਹਨ ਕਿ ਕੀ ਤੁਸਾਨੂੰ ਵਿਸ਼ਵਾਸ ਹੈ? ਏਸਤਰਾਂ ਨਾਲ ਮਹਾਤਮਾਂ ਪੁਰਸ਼ ਜਿਸ ਪੁਰਸ਼ ਦਾ ਇਲਾਜ ਕੀਤਾ ਕਰਦੇ ਸਨ ਮਾਨੋਂ ਉਸ ਵਿਚ ਜੀਵਨ ਦਾਤਾ ਤਾਕਤਾਂ ਭਰ ਦਿੰਦੇ ਸਨ। ਜੇ ਕੋਈ ਪੁਰਸ਼ ਅਤੀ ਹੀ ਨਿਰਬਲ ਹਾਲਤ ਵਿਚ ਹੈ ਜਾਂ ਉਸਦੇ ਪੱਠਿਆਂ ਦਾ ਪ੍ਰਬੰਧ ਮੂਲੋਂ ਹੀ ਖ਼ਰਾਬ ਤੇ ਥਕਿਤ ਹੋ ਗਿਆ ਹੈ, ਜਾਂ ਉਸਦਾ ਮਨ ਰੋਗ ਦੀ ਪ੍ਰਬਲਤਾ ਦੇ ਕਾਰਨ ਠੀਕ ਠੀਕ ਕੰਮ ਨਹੀਂ ਕਰ ਸਕਦਾ ਤਾਂ ਉਸ ਪੁਰਸ਼ ਵਾਸਤੇ ਕੁਝ ਚਿਰ ਲਈ ਇਹ ਹੋਵੇਗਾ ਕਿ ਦੂਜੇ ਪੁਰਸ਼ ਦੀ ਮੱਦਦ ਅਤੇ ਮਿਲਾਪ ਦਾ ਚਾਹਵਾਨ ਰਹੇ, ਪਰ ਅਜੇਹੇ ਪੁਰਸ਼ ਵਾਸਤੇ ਇਹ ਬਹੁਤ ਹੀ ਹੱਛਾ ਹੋਵੇਗਾ ਕਿ ਓਹ ਇਹ ਗੱਲ ਜਜੋਂ ਕੀ ਤਜੋਂ ਜਾਨ ਲਵੇ ਕਿ ਮੇਰੀਆਂ ਅੰਦਰਲੀਆਂ ਤਾਕਤਾਂ ਹੀ ਮੇਰੀ ਨਿਰੋਗਤਾ ਲਈ ਸਮਰੱਥ ਹਨ। ਇਕ ਪੁਰਸ਼ ਦੂਜੇ ਦਾ ਇਲਾਜ ਕਰ ਸਕਦਾਂ ਹੈ, ਪਰ ਪੱਕੀ ਤਰਾਂ ਨਾਲ ਅਰੋਗਤਾ ਪ੍ਰਾਪਤ ਕਰਨ ਲਈ ਇਹ ਜ਼ਰੂਰੀ ਹੈ ਕਿ ਹਰ ਇਕ ਪੁਰਸ਼ ਆਪਣਾ ਇਲਾਜ ਆਪ ਕਰੇ, ਇਸ ਤ੍ਰੀਕੇ ਨਾਲ ਇਕ ਪੁਰਸ਼ ਵਾਸਤੇ ਦੂਜਾ ਪੁਰਸ਼ ਅਧਜਾਪਕ ਅਰਥਾਤ ਉਸ-ਤਾਦ ਦਾ ਕੰਮ ਦੇ ਸਕਦਾ ਹੈ, ਤਾਕਿ ਓਹ ਆਪਣੀ

ਅੰਤ੍ਰੀਵੀ ਸ਼ਕਤੀਆਂ ਦੇ ਬਲ ਨੂੰ ਭਲੀ ਭਾਂਤ ਸਮਝ ਸਕੇ, ਪਰ ਹਰ ਹਾਲਤ ਵਿਚ ਅਟੱਲ ਅਰੋਗ਼ਤਾ ਪ੍ਰਾਪਤ ਕਰਨ ਵਾਸਤੇ ਇਹ ਜ਼ਰੂਰੀ ਹੈ ਕਿ ਹਰ ਪੁਰਸ਼ ਆਪਣਾ ਦਿਲੀ ਜ਼ੋਰ ਲਾਏ। ਸਾਰੇ ਮਹਾਤਮਾਵਾਂ ਦੀ ਸਿਖਯਾ ਸਦੀਵ ਇਹ ਹੁੰਦੀ ਸੀ "ਜਾਹ ਅਤੇ ਅੱਗੋਂ ਪਾਪ ਨਾਂ ਕਰ" ਜਾਂ ਇਹ ਕਿ ਤੇਰੇ ਪਾਪ ਬਖ਼ਸ਼ ਦਿਤੇ ਗਏ ਹਨ।ਇਸਤੋਂ ਇਹ ਇਕ ਅਟੱਲ ਅਤੇ ਇਕ ਰਸ ਅਸੂਲ ਦਸਿਆ ਕਰਦੇ ਸਨ ਕਿ ਸਾਰੇ ਰੋਗ ਅਤੇ ਓਹਨਾਂ ਦਾ ਫਲ ਨਿਯਮ ਵਿਰੋਧਤਾ ਦਾ, ਚਾਹੇ ਸਪਸ਼ਟ ਅਰ ਚਾਹੇ ਅਸਪਸ਼ਟ ਫਲ ਹੈ, ਚਾਹੇ ਅਸੀ ਇਸ ਕਾਨੂਨ ਦੇ ਵਿਰੁਧ ਜਾਨ ਬੁੱਝਕੇ ਵਰਤਾਰਾ ਕਰੀਏ ਜਾਂ ਅਣਜਾਣਪੁਣੇ ਵਿਚ! ਚਾਹੇ ਇਰਾਦੇ ਨਾਲ ਕਰੀਏ ਚਾਹੇ ਸੁਤੇ ਹੀ।

ਮੁਸੀਬਤ ਕੇਵਲ ਉਸ ਵੇਲੇ ਤਕ ਹੀ ਰਹਿਣਾ ਲੋੜਦੀ ਹੈ ਜਦੋਂ ਤਾਈਂ ਕਿ ਪਾਪ ਰਹੇ, ਇਹ ਜ਼ਰੂਰੀ ਨਹੀਂ ਕਿ ਪਾਪ ਧਾਰਮਕ ਖਿਆਲਾਂ ਵਿਚ ਹੋਵੇ, ਸਗੋਂ ਸਦਾ ਵਿਗਯਾਨਕ ਅਰਥਾਂ ਵਿਚ ਹੋਵੇ, ਚਾਹੇ ਕਈ ਵਾਰੀ ਦੋਹਾਂ ਅਰਥਾਂ ਵਿਚ ਹੀ ਕਿਉਂ ਨਾਂ ਹੋਵੇ। ਜਿਸ ਵੇਲੇ ਕਿ ਨਿਯਮ ਦੇ ਵਿਰੁਧ ਕਰਨਾ ਛੱਡ ਦਿੱਤਾ ਜਾਂਦਾ ਹੈ ਅਤੇ ਜਿਸ ਵੇਲੇ ਕੋਈ ਪੁਰਸ਼ ਕਾਨੂਨ ਦੇ ਐਨ ਅਨੁਸਾਰ ਵਰਤਾਰਾ ਕਰਨ ਲੱਗਦਾ ਹੈ ਉਸੇ ਵੇਲੇ ਤਕਲੀਫ ਜਾਂ ਮੁਸੀਬਤ ਦਾ ਕਾਰਨ ਦੂਰ ਹੋਜਾਂਦਾ ਹੈ,ਭਾਵੇਂ ਪਿਛਲੇ ਪਾਪ ਜਾਂ ਨਿਯਮ ਵਿਰੁਧ ਕਰਨ ਦਾ ਸਮੁੱਚੇ ਅਸਰ ਆਤਮਾਂ ਦੇ ਅੰਦ੍ਰ ਕੁਝ ਬਾਕੀ ਰਹੇ ਹੀ, ਪਰ ਕਾਰਨ ਦੂਰ ਹੋ ਜਾਂਦਾ ਹੈ ਅਰ ਇਸੇ ਵਾਸਤੇ ਪਾਪ ਦਾ ਜੋ ਪਿਛਲਾ ਅਸਰ ਬਾਕੀ ਹੈ ਉਸਵਿਚ

ਕੁਝ ਵਾਧਾ ਨਹੀਂ ਹੋ ਸਕਦਾ ਅਤੇ ਜਦੋਂ ਯਥਾਰਥ (ਸੱਚੀਆਂ) ਸ਼ਕਤੀਆਂ ਕੰਮ ਕਰਨ ਲੱਗਨਗੀਆਂ ਤਦੋਂ ਪਿਛਲੇ ਪਾਪਾਂ ਕਰਕੇ ਜੋ ਰੋਗ ਬਾਕੀ ਰਹ ਗਿਆ ਸੀ ਓਹ ਭੀ ਦੂਰ ਹੋ ਜਾਨਾ ਸ਼ੁਰੂ ਹੋ ਜਾਵੇਗਾ।

ਮਨੁਸ਼ ਨੂੰ ਚਾਹੀਦਾ ਹੈ ਕਿ ਇਸ ਗੱਲ ਨੂੰ ਹੱਛੀ ਤਰਾਂ ਸਮਝੇ ਅਤੇ ਨਿਸਚੇ ਕਰ ਲਵੇ ਕਿ ਮੈਂ ਅਰ ਓਹ ਸਰਬੱਗ ਆਤਮਾਂ ਜੋ ਸਾਰੇ ਜੀਵ ਜੰਤੂਆਂ ਦਾ ਜੀਵਨ ਹੈ ਦੋਵੇਂ ਅਸਲ ਵਿਚ ਇਕ ਹੀ ਹਾਂ, ਇਹੀ ਇਕ ਗੱਲ ਹੈ ਜਿਸ ਕਰਕੇ ਮਨੁਸ਼ ਕਾਨੂਨ ਦੀ ਪੂਰੀ ਪੂਰੀ ਅਨੁਸਾਰਤਾ (ਪਾਲਨਾਂ) ਕਰਨ ਲੱਗੇਗਾ, ਇਸਤੋਂ ਛੁਟ ਹੋਰ ਕੋਈ ਗੱਲ ਨਹੀਂ, ਇਸ ਹਾਲਤ ਵਿਚ ਕਿਸੇ ਤਰਾਂ ਦੀ ਬੀਮਾਰੀ ਨਹੀਂ ਰਹਿ ਸਕਦੀ। "ਮੈਂ ਆਪਣੀ ਆਤਮਾਂ ਤੁਸਾਡੇ ਅੰਦਰ ਟਿਕਾਵਾਂਗਾ ਅਰ ਤੁਸੀ ਜੀਊਂਦੇ ਰਹੋਗੇ" ਏਸੇ ਗੱਲ ਨੂੰ ਹੱਛੀ ਤਰਾਂ ਸਮਝਨ ਅਤੇ ਏਸ ਕੁਦਰਤੀ ਲਹਰ ਨੂੰ ਆਪਣੇ ਅੰਦ੍ਰ ਆਉਨ ਦੇਨ ਤੋਂ ਹੀ ਹਰ ਤਰਾਂ ਦੇ ਇਕੱਠੇ ਹੋਏ ਹੋਏ ਵਿਘਨ ਜਾਂ ਇਉਂ ਕਹੋ ਕਿ ਬਾਕੀ ਬਚਿਆ ਰੋਗ ਝਟ ਪਟ ਦੂਰ ਹੋ ਜਾਂਦਾ ਹੈ। ਜਿਸ ਵੇਲੇ ਕੋਈ ਪੁਰਸ਼ ਉਸ ਬਜੰਤ ਵਾਹਗੁਰੂ ਨਾਲ ਆਪਣਾ ਇਕ ਮਾਤ੍ਰ ਸੰਬੰਧ ਹੱਛੀ ਤਰਾਂ ਸਮਝ ਲੈਂਦਾ ਹੈ ਓਹ ਆਪਣੇ ਆਪ ਨੂੰ ਨਿਰਾ ਮਿੱਟੀ ਦਾ ਪੁਤਲਾ ਨਹੀਂ ਸਮਝਦਾ, ਸਗੋਂ ਜੀਵਨ ਮੁਕਤ ਸਮਝ ਲੈਂਦਾ ਹੈ, ਫੇਰ ਓਹ ਇਸਤਰਾਂ ਦੀ ਭੁਲ ਕਦੀ ਭੀ ਨਹੀਂ ਕਰਦਾ ਕਿ ਆਪਣੇ ਆਪ ਨੂੰ ਇਕ ਸਰੀਰ ਮੰਨੇਂ ਜੋ ਰੋਗਾਂ, ਕਸ਼ਟਾਂ ਅਤੇ ਬੁਰਾਈਆਂ ਵਿਚ ਫਸਿਆ ਰਹਿੰਦਾ

ਹੈ। ਸਗੋਂ ਹੁਣ ਓਹ ਇਸ ਸਚਿਆਈ ਨੂੰ ਨਿਸਚੇ ਕਰ ਲੈਂਦਾ ਹੈ "ਕਿ ਮੈਂ ਆਤਮਾਂ ਹਾਂ ਅੰਰ ਹੁਣ ਭੀ ਓਨੀਂ ਹੀ ਆਤਮਾਂ ਹਾਂ, ਜਿੰਨੀ ਕਿ ਮੈਂ ਅੱਗੇ ਹੋਵਾਂਗਾ ਜਾਂ ਹੋ ਸਕਦਾ ਹਾਂ, ਅਤੇ ਨਾਲ ਹੀ ਇਹ ਸਰੀਰ ਜਿਸ ਵਿਚ ਕਿ ਮੈਂ ਰਹਿੰਦਾ ਹਾਂ, ਮੇਰਾ ਮਕਾਨ ਜਾਂ ਘਰ ਹੈ, ਇਸਨੂੰ ਮੈਂ ਆਪ ਬਨਾਇਆ ਹੈ ਅਤੇ ਇਸੇ ਤਰਾਂ ਮੈਂ ਇਸਦਾ ਮਾਲਕ ਹਾਂ।" ਅਤੇ ਜੰਦੋਂ ਹੀ ਕਿ ਓਹ ਇਉਂ ਆਪ ਮਾਲਕ ਹੋਨ ਦੀ ਸ਼ਕਤੀ ਨੂੰ ਅਨਭਉ ਕਰ ਲੈਂਦਾ ਹੈ ਉਸੇ ਵੇਲੇ ਤੋਂ ਓਹ ਸਰੀਰ ਨੂੰ ਆਪਨੇ ਉੱਤੇ ਪ੍ਰਬਲ ਨਹੀਂ ਹੋਨ ਦੇਂਦਾ, ਅੱਗੋਂ ਤੋਂ ਓਹ ਓਹਨਾਂ ਅਸੂਲਾਂ ਜਾਂ ਤਾਕਤਾਂ ਦਾ ਡਰ ਨਹੀਂ ਰੱਖਦਾ ਜਿਨ੍ਹਾਂ ਨੂੰ ਓਹ ਆਪਣੀ ਅਗਜ਼ਾਨਤਾ ਕਰਕੇ ਧਾਰਨ ਕਰਦਾ (ਮੰਨਦਾ) ਜਾਂ ਸਰੀਰ ਤੇ ਪ੍ਰਬਲ ਹੋਨ ਦੇਂਦਾ ਸੀ। ਜਦੋਂ ਹੀ ਓਹ ਆਪਣੀ ਵਡਿਆਈ ਅਰ ਤਾਕਤ ਨੂੰ ਭਲੀ ਭਾਂਤ ਸਮਝ ਲੈਂਦਾ ਹੈ ਓਹ ਹੁਣ ਏਹਨਾਂ ਤਾਕਤਾਂ ਤੋਂ ਪੈਹਲੀ ਤਰਾਂ ਜ਼ਰਾ ਭੀ ਨਹੀਂ ਡਰਦਾ, ਸਗੋਂ ਓਹ ਓਹਨਾਂ ਨਾਲ ਪਿਆਰ ਕਰਨਾ ਸਿੱਖ ਲੈਂਦਾ ਹੈ। ਏਸੇ ਤਰਾਂ ਓਹ ਉਨ੍ਹਾਂ ਤਾਕਤਾਂ ਦੇ ਅਨੁਸਾਰ ਵਰਤਾਰਾ ਕਰਦਾ ਹੈ, ਜਾਂ ਇਉਂ ਆਖੋ ਕਿ ਓਹਨਾਂ ਤਾਕਤਾਂ ਨੂੰ ਇਸ ਰੀਤੀ ਨਾਲ ਵਜੋਂਤਦਾ ਅਤੇ ਇਸ ਤਰਾਂ ਵੱਸ ਵਿਚ ਰੱਖਦਾ ਹੈ ਕਿ ਓਹ ਆਪ ਉਸਦੇ ਅਨੁਸਾਰ ਹੋ ਜਾਂਦੀਆਂ ਹੰਨ। ਜੋ ਪੈਹਲਾਂ ਏਹਨਾਂ ਤਾਕਤਾਂ ਦਾ ਗੁਲਾਮ ਬਣਿਆਂ ਹੋਇਆ ਸੀ ਹੁਣ ਓਹ ਓਹਨਾਂ ਦਾ ਮਾਲਕ ਬਣ ਜਾਂਦਾ ਹੈ। ਜਦੋਂ ਹੀ ਅਸੀ ਕਿਸੇ ਚੀਜ਼ ਨੂੰ ਪਿਆਰ ਕਰਨ ਲੱਗ ਪੈਂਦੇ ਹਾਂ ਤਾਂ ਓਹ

ਚੀਜ਼ ਸਾਨੂੰ ਅੱਗੋਂ ਨੂੰ ਤਕਲੀਫ ਨਹੀਂ ਪੁਚਾਂਦੀ।

ਅੱਜ ਕੱਲ ਲਗ ਪਗ ਬਹੁਤ ਸਾਰੇ ਲੋਕ ਅਜੇਹੇ ਹਨ ਜੋ ਸਰੀਰ ਕਰਕੇ ਨਿਰਬਲ ਹਨ ਅਤੇ ਭਾਂਤ ਭਾਂਤ ਦੀਆਂ ਬੀਮਾਰੀਆਂ ਵਿਚ ਫਾਥੇ ਹੋਏ ਹਨ, ਇਹ ਲੋਕ ਜ਼ਰੂਰ ਅਰੋਗ ਅਤੇ ਬਲਵਾਨ ਹੋਜਾਨ, ਜੇ ਇਹ ਕੁਦਰਤ ਨੂੰ ਆਪਣਾ ਕੰਮ ਕਰਨ ਦਾ ਸਮਾਂ ਦੇਨ। ਅਜੇਹੇ ਲੋਕਾਂ ਨੂੰ ਮੈਂ ਇਹ ਆਖਦਾ ਹਾਂ ਕਿ ਭਾਵੇਂ ਹੋਰ ਕੁਝ ਹੀ ਕਰੋ, ਪਰ ਕੁਦਰਤੀ ਲਹਰ ਨੂੰ ਬੰਦ ਨਾਂ ਹੋਨ ਦਿਓ, ਇਸਨੂੰ ਆਪਣੇ ਅੰਦਰ ਬਰਾਬਰ ਆਉਨ ਦਿਓ, ਇਸਨੂੰ ਆਪਣੇ ਵਲ ਖਿੱਚੋ, ਜਿੰਨਾਂ ਤੁਸੀ ਇਸ ਕੁਦਰਤੀ ਲਹਰ ਨੂੰ ਆਪਣੇ ਅੰਦਰ ਆਉਨ ਦਿਉਗੇ, ਉਸਦੀ ਅੰਦਰ ਆਉਨ ਵਾਲੀ ਲਹਰ ਤੁਹਾਡੇ ਸਰੀਰ ਦੇ ਅੰਦ੍ਰ ਇਕ ਅਜੇਹੀ ਜਾਨ ਬਖਸ਼ ਤਾਕਤ ਪੈਦਾ ਕਰ ਦੇਵੇਗੀ ਕਿ ਜੋ ਕੁਝ ਪੁਰਾਣਾ ਰੋਗ ਜਾਂ ਬੀਮਾਰੀ ਸਰੀਰ ਵਿਚ ਪ੍ਰਬਲ ਪਈ ਹੋਈ ਹੈ, ਓਹ ਸਾਰੀ ਉਸ ਤਾਕਤ ਦੇ ਸਾਹਮਣੇ ਦੂਰ ਹੋ ਜਾਏਗੀ। ਈਸ਼ਵਰ ਪ੍ਰਮਾਤਮਾਂ ਨੇ ਫਰਮਾਇਆ ਹੈ: "ਜੋ ਲੋਕ ਮੇਰੀ ਬਾਣੀ ਦੀ ਭਾਲ ਵਿਚ ਹਨ ਓਹ ਬਾਣੀ ਓਹਨਾਂ ਲੋਕਾਂ ਦੀ ਜਾਨ ਹੈ ਅਰ ਓਹਨਾਂ ਦੀ ਸਰੀਰਕ ਅਰੋਗਤਾ ਦਾ ਕਾਰਨ ਹੈ।" ਜੇਹਾ ਕਿ ਸਤਿਗੁਰੂ ਜੀ ਨੇ ਭੀ ਧੁਰਾਂ ਹੂੰ ਬਚਨ ਦੱਸਿਆ ਹੈ: "ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤੁ ਸਾਰੇ॥ਗੁਰ ਬਾਣੀ ਕਹੈ ਸੇਵਕ ਜਨ ਮਾਨੈ ਪਰਤਖ ਗੁਰੂ ਨਿਸਤਾਰੇ।"

ਇਕ ਚੁਬੱਚਾ ਹੈ ਜਿਸ ਵਿਚੋਂ ਗੰਦੇ ਪਾਣੀ ਦੀ ਨੈਹਰ ਜਾਂ ਧਾਰ ਬਹੁਤ ਦਿਨਾਂ ਤੋਂ ਜਾਰੀ ਰਹੀ ਹੈ, ਹੌਲੀ

ਹੌਲੀ ਏਸ ਚੁਬੱਚੇ ਦੇ ਕੰਢਿਆਂ ਅਤੇ ਤੈਹ ਪੁਰ ਮਿੱਟੀ ਜਮਾਂ ਹੋ ਗਈ ਹੈ ਅਤੇ ਇਹ ਮਿੱਟੀ ਬਰਾਬਰ ਜਮਾਂ ਹੁੰਦੀ ਜਾਏਗੀ, ਜਦੋਂ ਤਕ ਕਿ ਚੁਬੱਚੇ ਵਿਚੋਂ ਦੀ ਗੰਦਾ ਪਾਣੀ ਵੈਂਹਦਾ ਹੈ। ਇਸਨੂੰ ਬਦਲ ਦਿਓ, ਚੁਬੱਚੇ ਵਿਚ ਬਲੌਰ ਦੀ ਨਿਆਈਂ ਸਾਫ ਸੁਥਰੇ ਪਾਣੀ ਦੀ ਛੇਤੀ੨ ਵੈਹਣ ਵਾਲੀ ਧਾਰ ਆਉਨ ਦਿਓ ਅਤੇ ਬਹੁਤ ਥੋਹੜੇ ਚਿਰ ਵਿਚ ਜੋ ਮਿੱਟੀ ਉਸਦੇ ਪਾਸਿਆਂ ਅਤੇ ਤੈਹ ਵਿਖੇ ਜਮਾਂ ਹੋ ਗਈ ਹੈ ਓਹ ਭੀ ਵੈਹ ਜਾਏਗੀ, ਚੁਬੱਚਾ ਉੱਕਾ ਹੀ ਸਾਫ ਹੋ ਜਾਏਗਾ, ਹੁਣ ਓਹ ਸੋਹਣਾ ਵਖਾਲੀ ਦੇਵੇਗਾ, ਕੋਹਝਾ ਨਹੀਂ। ਇਸਤੋਂ ਛੁਟ ਜੋ ਪਾਣੀ ਕਿ ਇਸ ਵਿਚੋਂ ਵੈਂਹਦਾ ਹੈ ਅਤੀ ਹੀ ਵਡਮੁੱਲਾ ਹੋਵੇਗਾ, ਜੋ ਲੋਕ ਏਸ ਪਾਣੀ ਨੂੰ ਵਰਤੋਂ ਵਿਚ ਲਿਆਉਨਗੇ ਉਨ੍ਹਾਂ ਵਾਸਤੇ ਇਹ ਪਾਣੀ ਜੀਵਨ ਦਾਤਾ ਹੋਵੇਗਾ ਅਤੇ ਅਰੋ-ਗਤਾ ਅਰ ਤਾਕਤ ਦਾ ਵਸੀਲਾ ਹੋਵੇਗਾ।

ਇਸ ਵਿਚ ਕੁਝ ਸ਼ੱਕ ਨਹੀਂ ਜਿੰਨੀ ਤੁਸੀ ਜੀਵਨ ਦੀ ਉਸ ਅਥਾਹ ਪਵਿਤ੍ਰ ਆਤਮਾਂ ਨਾਲ ਆਪਣੀ ਸਮੀਪਤਾ ਸਮਝੋਗੇ ਅਰ ਏਸੇ ਤਰਾਂ ਆਪ੍ਣੀਆਂ ਗੁੱਝੀਆਂ ਤਾਕਤਾਂ ਅਤੇ ਸ਼ਕਤੀਆਂ ਤੋਂ ਠੀਕ ਪਵਿਤ੍ਰ ਕੰਮ ਲਵੋਗੇ ਤਾਂ ਤੁਹਾਡੀ ਬੀਮਾਰੀ ਅਰਾਮ ਵਿਚ ਅਤੇ ਫੁਟ ਇਕਵਾਕ ਵਿਚ, ਤਕਲੀਫ ਅਤੇ ਕਸ਼ਟ ਅਧਕ ਅਰੋਗਤਾਂ ਅਤੇ ਢਾਰਸ ਵਿਚ ਬਦਲ ਜਾਵੇਗੀ; ਅਤੇ ਜਿਨਾ ਤੁਸੀ ਏਸ ਪੂਰਨ ਸਚਾਈ ਅਤੇ ਵਸ਼ੇਸ਼ ਸੁਸਥਤਾ ਅਤੇ ਢਾਰਸ ਨੂੰ ਆਪਣੇ ਅੰਦਰ ਅਨਭਵ ਕਰੋਗੇ ਓਨਾਂ ਹੀ ਉਸਦਾ ਅਸਰ ਓਹਨਾਂ ਲੋਕਾਂ ਤੇ ਭੀ ਹੋਵੇਗਾ ਜੋ ਤੁਹਾਡੇ ਨਾਲ